# ਸ਼੍ਰੇਣੀ- XII

# ਰਾਜਨੀਤੀ ਸ਼ਾਸਤਰ

# ਪ੍ਰਸ਼ਨ ਬੈਂਕ
(ਅਕਾਦਮਿਕ ਸੈਸ਼ਨ 2022-23 ਤੋਂ)

**ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ.ਨਗਰ**

## I. ਬਹੁ-ਵਿਕਲਪੀ ਜਾਂ ਬਹੁ-ਚੋਣਵੇਂ ਪ੍ਰਸ਼ਨ

1. ਰਾਜਨੀਤਕ ਪ੍ਰਨਾਲੀ (Political System) ਨਾਂ ਦੀ ਪੁਸਤਕ ਕਦੋਂ ਪ੍ਰਕਾਸ਼ਿਤ ਹੋਈ ਸੀ ?
   a) 1953v
   b)1961
   c)1962
   d)1938
2. ਰਾਜਨੀਤਕ ਪ੍ਰਨਾਲੀ (Political System) ਨਾਂ ਦੀ ਪੁਸਤਕ ਦਾ ਲੇਖਕ ਕੌਣ ਸੀ?
   a)ਰਾਬਰਟ ਏ. ਡਾਹਲv
   b)ਰਾਬਰਟ ਏ. ਡਾਹਲ
   c)ਜੀ.ਏ. ਆਲਮੰਡ
   d)ਡੇਵਿਡ ਈਸਟਨ
   e)ਜੌਹਨ ਸਟੂਅਰਟ
3. Human nature in Politics ਰਾਜਨੀਤੀ ਵਿੱਚ ਮਨੁੱਖੀ ਸੁਭਾਅ ਦਾ ਲੇਖਕ ਕੌਣ ਸੀ?
   a) ਆਰਥਰ ਬੈਂਟਲੇ
   b)ਗ੍ਰਾਹਮ ਵਾਲਸv
   c)ਰਾਬਰਟ ਏ.ਡਾਹਲ
   d) ਡੇਵਿਡ ਈਸਟਨ
4. The Process of Government ਸ਼ਾਸ਼ਨ ਦੀ ਪ੍ਰਕਿਰਿਆ ਦਾ ਲੇਖਕ ਕੌਣ ਹੈ?
   a) ਡੇਵਿਡ ਈਸਟਨ
   b) ਗ੍ਰਾਹਮ ਵਾਲਸ
   C) ਆਰਥਰ ਬੈਂਟਲੇv
   d)ਜੀ.ਏ. ਆਲਮੰਡ
5. ਹੇਠ ਲਿਖਿਆਂ ਵਿੱਚੋਂ ਕਿਹੜਾ ਰਾਜਨੀਤਕ ਪ੍ਰਨਾਲੀ ਰਸਮੀ ਢਾਂਚਾ ਨਹੀਂ ਹੈ?
   a) ਵਿਧਾਨਪਾਲਿਕਾ
   b) ਕਾਰਜਪਾਲਿਕਾ
   c) ਨਿਆਂਪਾਲਿਕਾ
   d) ਰਾਜਨੀਤਕ ਦਲv
6. ਹੇਠ ਲਿਖਿਆਂ ਵਿੱਚੋਂ ਕਿਹੜਾ ਰਾਜਨੀਤਕ ਪ੍ਰਨਾਲੀ ਦਾ ਗੈਰ ਰਸਮੀ ਢਾਂਚਾ ਨਹੀਂ ਹੈ?
   a) ਰਾਜਨੀਤਕ ਦਲ
   b) ਹਿੱਤ ਸਮੂਹ
   c) ਦਬਾਉ ਸਮੂਹ
   d) ਵਿਧਾਨਪਾਲਿਕਾv
7. ਕਿਹੜੇ ਵਿਦਵਾਨ ਨੇ ਵਿਅਕਤੀ ਦੇ ਕੁਦਰਤੀ ਅਧਿਕਾਰਾਂ ਦਾ ਸਮਰਥਨ ਕੀਤਾ ਹੈ?
   a) ਰਾਬਰਟ ਏ. ਡਾਹਲ
   b) ਜਾਨ ਲਾਕv
   c) ਕਾਰਲ ਮਾਰਕਸ
   d) ਲਾਰਡ ਬ੍ਰਾਈਸ
8. 'ਸ਼ਾਸਨ ਤੇ ਦੋ ਨਿਬੰਧ' ਪੁਸਤਕ ਕਿਸਦੀ ਹੈ?
   a) ਲਾਸਕੀ
   b) ਜਾਨ ਲਾਕv
   c) ਰੂਸੋ
   d) ਹਰਬਰਟ ਸਪੈਂਸਰ
9. ਸਮਕਾਲੀ ਉਦਾਰਵਾਦ ਅਨੁਸਾਰ ਰਾਜ ਕਿਹੋ ਜਿਹੀ ਸੰਸਥਾ ਹੈ?
   a) ਸਮਾਜਿਕ ਅਤੇ ਨੈਤਿਕ ਸੰਸਥਾv
   b) ਪਰਉਪਕਾਰੀ ਸੰਸਥਾ
   c) ਅੰਤਰਰਾਸ਼ਟਰੀ ਸੰਸਥਾ
   d) ਧਾਰਮਿਕ ਸੰਸਥਾ

10. ਕਾਰਲ ਮਾਰਕਸ ਦਾ ਜਨਮ ਕਦੋਂ ਹੋਇਆ ਸੀ?
   a) 1820
   b) 1818 v
   c) 1810
   d) 1808

11. ਕਾਰਲ ਮਾਰਕਸ ਦਾ ਜਨਮ ਕਿੱਥੇ ਹੋਇਆ ਸੀ?
   a) ਫਰਾਂਸ
   b) ਅਮਰੀਕਾ
   c) ਇੰਗਲੈਂਡ
   d) ਜਰਮਨੀv

12. ਸਾਮਵਾਦੀ ਘੋਸ਼ਣਾ ਪੱਤਰ ਦਾ ਲੇਖਕ ਕੌਣ ਸੀ?
   a) ਮਹਾਤਮਾ ਗਾਂਧੀ
   b) ਕਾਰਲ ਮਾਰਕਸv
   c) ਜਾਨ ਲਾਕ
   d) ਰੂਸੋ

13. ਕਾਰਲ ਮਾਰਕਸ ਅਨੁਸਾਰ ਹਰੇਕ ਜੁੱਗ ਵਿੱਚ ਸਮਾਜ ਕਿੰਨੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੁੰਦਾ ਹੈ?
   a) ਤਿੰਨ
   b) ਦੋv
   c) ਚਾਰ
   d) ਇੱਕ

14. ਮਹਾਤਮਾ ਗਾਂਧੀ ਜੀ ਦਾ ਜਨਮ ਕਦੋਂ ਹੋਇਆ ਸੀ?
   a) 2 ਅਕਤੂਬਰ 1868
   b) 2 ਅਕਤੂਬਰ 1869v
   c) 15 ਅਗਸਤ1947
   d) 26 ਜਨਵਰੀ 1950

15. "The kingdom of God is within you' ਪੁਸਤਕ ਦਾ ਲੇਖਕ ਕੌਣ ਸੀ?
   a) ਜਾਨ ਰਸਕਿਨ
   b) ਹੈਨਰੀ ਡੇਵਿਡ ਥੋਰੋ
   c) ਮਹਾਤਮਾ ਗਾਂਧੀ
   d) ਟਾਲਸਟਾਏv

16. ' Unto this Last ' ਦਾ ਲੇਖਕ ਕੌਣ ਸੀ?
   a) ਬਾਲ ਗੰਗਾਧਰ ਤਿਲਕ
   b) ਗੋਪਾਲ ਕ੍ਰਿਸ਼ਨ ਗੋਖਲੇ
   c) ਰਬਿੰਦਰ ਨਾਥ ਟੈਗੋਰ
   d) ਜਾਨ ਰਸਕਿਨ v

17.ਮਹਾਤਮਾ ਗਾਂਧੀ ਦਾ ਰਾਜਨੀਤਕ ਗੁਰੂ ਕੌਣ ਸੀ?
   a) ਕਾਰਨ ਮਾਰਗਕਸ
   b) ਰੂਸੋ
   c) ਗੋਪਾਲ ਕ੍ਰਿਸ਼ਨ ਗੋਖਲੇv
   d) ਜੌਹਨ ਰਸਕਿਸ

18. ਸੱਤਿਆਗ੍ਰਹਿ ਕਿਸਦਾ ਹਥਿਆਰ ਨਹੀਂ ਹੈ?
   a) ਗਰੀਬਾਂ ਦਾ
   b) ਅਮੀਰਾਂ ਦਾ
   c) ਕਮਜ਼ੋਰਾਂ ਦਾv
   d) ਕਿਰਤੀਆਂ ਦਾ

19. ਗਾਂਧੀ ਜੀ ਦੀ ਸਵੈ ਜੀਵਨੀ ਦਾ ਨਾਂ ਦੱਸੋ।
    a) ਸੱਚ ਨਾਲ ਮੇਰੇ ਤਜ਼ਰਬੇ√
    b) ਹਿੰਸਾ ਨਾਲ ਮੇਰੇ ਤਜ਼ਰਬੇ
    c) ਅਹਿੰਸਾ ਨਾਲ ਮੇਰੇ ਤਜ਼ਰਬੇ
    d) ਸੱਤਿਆਗ੍ਰਹਿ ਨਾਲ ਮੇਰੇ ਤਜ਼ਰਬੇ
20. ਨੌਕਰਸ਼ਾਹੀ ਦਾ ਦੂਜਾ ਨਾਂ ਕੀ ਹੈ?
    a) ਵਿਧਾਨਪਾਲਿਕਾ
    b) ਅਸੈਨਿਕ ਸੇਵਾਵਾਂ√
    c) ਹਿੱਤ ਸਮੂਹ
    d) ਦਬਾਅ ਸਮੂਹ
21. 'Bureau'(ਬਿਊਰੋ) ਸ਼ਬਦ ਕਿਸ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ?
    a) ਅੰਗਰੇਜੀ
    b) ਇਟਾਲਵੀ
    c) ਯੂਨਾਨੀ
    d) ਫਰਾਂਸੀਸੀ√
22. ਹੇਠ ਲਿਖਿਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਨੌਕਰਸ਼ਾਹੀ ਦੀ ਨਹੀਂ ਹੈ?
    a) ਪੇਸ਼ਾਵਰ ਵਰਗ
    b) ਗੁਮਨਾਮੀ
    c) ਅਸਥਾਈ ਕਾਰਜਕਾਲ√
    d) ਪੱਖਪਾਤ ਰਹਿਤ
23. ਭਾਰਤ ਵਿੱਚ ਕਿਹੜੀ ਦਲ ਪ੍ਰਨਾਲ਼ੀ ਹੈ?
    a) ਇੱਕ ਦਲ ਪ੍ਰਨਾਲ਼ੀ
    b) ਦੋ ਦਲ ਪ੍ਰਨਾਲ਼ੀ
    c) ਬਹੁ ਦਲ ਪ੍ਰਨਾਲ਼ੀ√
    d) ਉਪਰੋਕਤ ਸਾਰੇ
24. ਇੱਕ ਦਲ ਪ੍ਰਨਾਲ਼ੀ ਕਿਸ ਦੇਸ਼ ਵਿੱਚ ਹੈ?
    a) ਚੀਨ√
    b) ਭਾਰਤ
    c) ਇੰਗਲੈਂਡ
    d) ਅਮਰੀਕਾ
25. ਇੱਕ ਦਲ ਪ੍ਰਨਾਲ਼ੀ ਦਾ ਔਗੁਣ ਕਿਹੜਾ ਹੈ?
    a) ਸਰਕਾਰ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ।
    b) ਰਾਸ਼ਟਰੀ ਏਕਤਾ ਵਧਦੀ ਹੈ।
    c) ਸਰਕਾਰ ਨਿਰੰਕੁਸ਼ ਬਣ ਜਾਂਦੀ ਹੈ।√
    d) ਨੀਤੀਆਂ ਵਿੱਚ ਨਿਰੰਤਰਤਾ ਰਹਿੰਦੀ ਹੈ।
26. ਹੇਠ ਲਿਖਿਆਂ ਵਿੱਚੋਂ ਹਿੱਤ ਸਮੂਹ ਜਾਂ ਦਬਾਅ ਸਮੂਹ ਦੀ ਵਿਸ਼ੇਸਤਾ ਕਿਹੜੀ ਹੈ?
    a) ਇੱਛੁਕ ਮੈਂਬਰੀ
    b) ਸੰਗਠਤ
    c) ਸਾਂਝਾ ਹਿੱਤ
    d) ਉਪਰੋਕਤ ਸਾਰੇ√
27. ਹੇਠ ਲਿਖਿਆਂ ਵਿੱਚੋਂ ਕਿਹੜਾ ਕੰਮ ਦਬਾਉ ਸਮੂਹ ਦਾ ਨਹੀਂ ਹੈ?
    a) ਹਿੱਤਾਂ ਦੀ ਰਾਖੀ ਕਰਨਾ
    b) ਸਰਕਾਰ ਤੇ ਦਬਾਅ ਪਾਉਣਾ
    c) ਚੋਣਾਂ ਲੜਨਾ√
    d) ਉਪਰੋਕਤ ਸਾਰੇ

28. ਦਬਾਅ ਸਮੂਹ ਦੀ ਵਿਧੀ ਕਿਹੜੀ ਹੈ?
    a) ਹੜਤਾਲ
    b) ਧਰਨੇ
    c) ਬਿਨੈ ਪੱਤਰ ਦੇਣਾ
    d) ਉਪਰੋਕਤ ਸਾਰੇ√
29. ਹੇਠ ਲਿਖਿਆਂ ਵਿੱਚੋਂ ਭਾਰਤ ਵਿੱਚ ਕਿਹੜੀ ਸ਼ਾਸਨ ਪ੍ਰਨਾਲ਼ੀ ਹੈ?
    a) ਸੰਸਦੀ ਸ਼ਾਸਨ ਪ੍ਰਨਾਲ਼ੀ√
    b) ਪ੍ਰਧਾਨਗੀ ਸ਼ਾਸਨ ਪ੍ਰਨਾਲ਼ੀ
30. ਹੇਠ ਲਿਖਿਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਸੰਸਦੀ ਸਰਕਾਰ ਦੀ ਨਹੀਂ ਹੈ?
    a) ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿੱਚ ਗੂੜ੍ਹਾ ਸੰਬੰਧ
    b) ਨਾਂ- ਮਾਕਰ ਅਤੇ ਅਸਲੀ ਕਾਰਜਪਾਲਿਕਾ
    c) ਰਾਜਨੀਤਕ ਇਕਰੂਪਤਾ
    d) ਕਾਰਜਪਾਲਿਕਾ ਦਾ ਨਿਸਚਿਤ ਕਾਰਜਕਾਲ√
31 ਭਾਰਤ ਵਿੱਚ ਨਾਂ-ਮਾਤਰ ਕਾਰਜਪਾਲਿਕਾ ਕੌਣ ਹੈ?
    a. ਉੱਪ-ਰਾਸ਼ਟਰਪਤੀ
    b. ਰਾਸ਼ਟਰਪਤੀ√
    b) ਸੁਪਰੀਮ ਕੋਰਟ ਦਾ ਮੁੱਖ ਜੱਜ
    c) ਪ੍ਰਧਾਨ ਮੰਤਰੀ
32. ਭਾਰਤ ਵਿੱਚ ਅਸਲੀ ਕਾਰਜਪਾਲਿਕਾ ਕੌਣ ਹੈ?
    a) ਰਾਸ਼ਟਰਪਤੀ
    b) ਉੱਪ-ਰਾਸ਼ਟਰਪਤੀ
    c) ਪ੍ਰਧਾਨ ਮੰਤਰੀ ਸਮੇਤ ਮੰਤਰੀ ਮੰਡਲ√
    d) ਸੁਪਰੀਮ ਕੋਰਟ ਦਾ ਮੁੱਖ ਜੱਜ
33.ਭਾਰਤ ਵਿੱਚ ਸੰਸਦੀ ਸਰਕਾਰ ਲਈ ਹੇਠ ਲਿਖਿਆਂ 'ਚੋਂ ਕਿਹੜਾ ਖਤਰਾ ਹਨ?
    a) ਸਮੂਹਿਕ ਜ਼ਿੰਮੇਵਾਰੀ
    b) ਸਿਹਤਮੰਦ ਲੋਕਮਤ
    c) ਸੰਸਦ ਦੀ ਸਰਵਉੱਚਤਾ
    d) ਰਾਜਨੀਤਕ ਦਲ ਬਦਲੀ√
34. 86 ਵੀਂ ਸੰਵਿਧਾਨਿਕ ਸੋਧ ਕਦੋਂ ਪਾਸ ਹੋਈ ਸੀ?
    a) 2002√
    b) 2000
    c) 2020
    d) 2022
35. ਭਾਰਤ ਵਿੱਚ ਪੰਚਾਇਤਾਂ ਦੀ ਸ਼ੁਰੂਆਤ ਕਦੋਂ ਹੋਈ ਸੀ?
    a) 2 ਅਕਤੂਬਰ 1959√
    b) 2 ਅਕਤੂਬਰ 1869
    c) 15 ਅਗਸਤ 1947
    d) 26 ਜਨਵਰੀ 1950
36. ਭਾਰਤ ਦੇ ਕਿਹੜੇ ਰਾਜ ਵਿੱਚ ਪੰਚਾਇਤਾਂ ਦੀ ਸ਼ੁਰੂਆਤ ਹੋਈ ਸੀ?
    a) ਪੰਜਾਬ
    b) ਰਾਜਸਥਾਨ√
    c) ਕੇਰਲਾ
    d) ਹਰਿਆਣਾ
37. ਪੰਚ੍ਹ ਪੰਚਾਇਤੀ ਰਾਜ ਦੀ ਸਥਾਪਨਾ ਕਿਸ ਸੰਵਿਧਾਨਿਕ ਸੋਧ ਰਾਹੀਂ ਕੀਤੀ ਗਈ ਸੀ?
    a) 61ਵੀਂ
    b) 73ਵੀਂ√
    c) 74ਵੀਂ
    d) 86ਵੀਂ

38. ਸ਼ਹਿਰੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸਥਾਪਨਾ ਕਿਸ ਸੰਵਿਧਾਨਿਕ ਸੋਧ ਰਾਹੀਂ ਕੀਤੀ ਗਈ ਸੀ?
    a) 61ਵੀਂ
    b) 73ਵੀਂ
    c) 74ਵੀਂv
    d) 86ਵੀਂ
39. ਗ੍ਰਾਮ ਪੰਚਾਇਤ ਦਾ ਕਾਰਜਕਾਲ ਕਿੰਨਾ ਹੁੰਦਾ ਹੈ?
    a) 5 ਸਾਲv
    b) 6 ਸਾਲ
    c) 2 ਸਾਲ
    d) 8 ਸਾਲ
40. ਗ੍ਰਾਮ ਪੰਚਾਇਤ ਦਾ ਮੁਖੀ ਕੌਣ ਹੁੰਦਾ ਹੈ?
    a) ਸਰਪੰਚv
    b) ਪੰਚ
    c) ਡਿਪਟੀ ਕਮਿਸ਼ਨਰ
    d) ਅਡੀਸ਼ਨਲ ਡਿਪਟੀ ਕਮਿਸ਼ਨਰ
41. ਗ੍ਰਾਮ ਪੰਚਾਇਤ ਦੀ ਚੋਣ ਕਿਸ ਚੋਣ ਵਿਧੀ ਰਾਹੀਂ ਹੁੰਦੀ ਹੈ?
    a) ਪ੍ਰਤੱਖv
    b) ਅਪ੍ਰਤੱਖ
    c) A ਅਤੇ B ਦੋਨੋਂ
    d) ਉਪਰੋਕਤ ਵਿੱਚੋਂ ਕੋਈ ਨਹੀਂ
42. ਹੇਠ ਲਿਖਿਆਂ ਵਿੱਚੋਂ ਮੌਜੂਦਾ ਸਮੇਂ ਕਿਸ ਸ਼ਹਿਰ ਵਿੱਚ ਨਗਰ ਨਿਗਮ ਨਹੀਂ ਹੈ?
    a) ਮੋਗਾ
    b) ਲੁਧਿਆਣਾ
    c) ਫਗਵਾੜਾ
    d) ਮਾਨਸਾv
43. ਨਗਰ ਨਿਗਮ ਦੇ ਮੁਖੀ ਨੂੰ ਕੀ ਕਿਹਾ ਜਾਂਦਾ ਹੈ?
    a) ਮੇਅਰv
    b) ਸਰਪੰਚ
    c) ਉੱਪ-ਮੇਅਰ
    d) ਉਪਰੋਕਤ ਵਿੱਚੋਂ ਕੋਈ ਨਹੀਂ
44. ਭਾਰਤੀ ਰਾਸ਼ਟਰੀ ਕਾਂਗਰਸ ਦਾ ਚੋਣ ਨਿਸ਼ਾਨ ਕੀ ਹੈ?
    a) ਹੱਥv
    b) ਤੱਕੜੀ
    c) ਝਾੜੂ
    d) ਕਮਲ ਦਾ ਫੁੱਲ
45. ਭਾਰਤੀ ਜਨਤਾ ਪਾਰਟੀ ਦੀ ਸਥਾਪਨਾ ਕਦੋਂ ਹੋਈ ਸੀ?
    a) 1984
    b) 1980v
    c) 1962
    d) 1965
46. ਆਮ ਆਦਮੀ ਪਾਰਟੀ ਦਾ ਚੋਣ ਨਿਸ਼ਾਨ ਦੱਸੋ।
    a) ਝਾੜੂv
    b) ਕਮਲ ਦਾ ਫੁੱਲ
    c) ਤੱਕੜੀ
    d) ਹੱਥ

47. ਸ਼੍ਰੋਮਣੀ ਅਕਾਲੀ ਦਲ ਦਾ ਚੋਣ ਨਿਸ਼ਾਨ ਕੀ ਹੈ?
    a) ਤੱਕੜੀ √
    b) ਕਮਲ ਦਾ ਫੁੱਲ
    c) ਝਾੜੂ
    d) ਦਾਤੀ,ਹਥੋੜਾ ਅਤੇ ਤਾਰਾ
48. ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਸਥਾਪਨਾ ਕਦੋਂ ਹੋਈ ਸੀ?
    a) 1920
    b) 1924
    c) 1944
    d) 1964√
49. ਭਾਰਤ ਵਿੱਚ ਹੁਣ ਤੱਕ ਲੋਕ ਸਭਾ ਦੀਆਂ ਕਿੰਨੀਆਂ ਆਮ ਚੋਣਾਂ ਹੋ ਚੁੱਕੀਆਂ ਹਨ?
    a) 16
    b) 17√
    c) 18
    d) 19
50. ਭਾਰਤ ਵਿੱਚ ਚੋਣ ਮਿਤੀ ਦਾ ਐਲਾਨ ਕੌਣ ਕਰਦਾ ਹੈ?
    a) ਰਾਸ਼ਟਰਪਤੀ
    b) ਚੋਣ ਕਮਿਸ਼ਨ√
    c) ਉੱਪ-ਰਾਸ਼ਟਰਪਤੀ
    d) ਪ੍ਰਧਾਨ ਮੰਤਰੀ
51. ਭਾਰਤੀ ਸੰਵਿਧਾਨ ਦਾ ਅਨੁਛੇਦ 324 ਹੇਠ ਲਿਖਿਆਂ 'ਚੋਂ ਕਿਸ ਨਾਲ ਸੰਬੰਧਤ ਹੈ?
    a) ਲੋਕ ਸਭਾ
    b) ਰਾਜ ਸਭਾ
    c) ਚੋਣ ਕਮਿਸ਼ਨ√
    d) ਸੁਪਰੀਮ ਕੋਰਟ
52. ਭਾਰਤ ਵਿੱਚ ਚੋਣ ਕਮਿਸ਼ਨ ਦੇ ਮੈਂਬਰਾਂ ਦਾ ਕਾਰਜਕਾਲ ਕਿੰਨਾ ਹੈ?
    a) 5 ਸਾਲ
    b) 6 ਸਾਲ √
    c) 10 ਸਾਲ
    d) 3 ਸਾਲ
53. ਭਾਰਤ ਵਿੱਚ ਪਹਿਲਾ ਰਾਸ਼ਟਰੀ ਏਕੀਕਰਨ ਸੰਮੇਲਨ ਕਦੋਂ ਹੋਇਆ ਸੀ?
    a) 1948
    b) 1961√
    c) 1962
    d) 1965
54. ਭਾਰਤ ਵਿੱਚ ਰਾਸ਼ਟਰੀ ਏਕੀਕਰਨ ਪ੍ਰੀਸ਼ਦ ਦਾ ਨਿਰਮਾਣ ਕਦੋਂ ਕੀਤਾ ਗਿਆ ਸੀ?
    a) 1961√
    b) 1962
    c) 1965
    d) 1971
55. ਇਨਸਾਨੀ ਬਿਰਾਦਰੀ ਨਾਂ ਦੀ ਸੰਸਥਾ ਕਿਸਨੇ ਬਣਾਈ ਸੀ?
    a) ਮਹਾਤਮਾ ਗਾਂਧੀ
    b) ਕਾਰਲ ਮਾਰਕਸ
    c) ਖ਼ਾਨ ਅਬਦੁਲ ਗੁੱਫ਼ਾਰ ਖ਼ਾਂ√
    d) ਜਾਹਨ ਲਾਕ

56. ਭਾਰਤੀ ਵਿਦੇਸ਼ ਨੀਤੀ ਦੇ ਮੁੱਖ ਨਿਰਮਾਤਾ ਦਾ ਨਾਂ ਕੀ ਹੈ?
   a) ਪੰਡਿਤ ਜਵਾਹਰ ਲਾਲ ਨਹਿਰੂv
   b) ਡਾ. ਰਾਧਾ ਕ੍ਰਿਸ਼ਨਨ
   c) ਮਹਾਤਮਾ ਗਾਂਧੀ
   d) ਕਾਰਲ ਮਾਰਕਸ
57. ਪੰਚਸ਼ੀਲ ਸਮਝੌਤਾ ਕਦੋਂ ਹੋਇਆ ਸੀ?
   a) 29 ਅਪ੍ਰੈਲ 1954v
   b) 2 ਅਕਤੂਬਰ 1959
   c) 26 ਜਨਵਰੀ 1950
   d) 15 ਅਗਸਤ 1947
58. ਪੰਚਸ਼ੀਲ ਸਮਝੌਤਾ ਕਿਹੜੇ-ਕਿਹੜੇ ਦੇਸ਼ਾਂ ਵਿਚਾਲੇ ਹੋਇਆ ਸੀ?
   a) ਭਾਰਤ-ਪਾਕਿਸਤਾਨ
   b) ਭਾਰਤ-ਚੀਨv
   c) ਭਾਰਤ-ਨੇਪਾਲ
   d) ਭਾਰਤ-ਸ੍ਰੀਲੰਕਾ
59. ਪੰਚਸ਼ੀਲ ਸਮਝੌਤੇ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਕੌਣ ਸਨ?
   a) ਡਾ. ਰਜਿੰਦਰ ਪ੍ਰਸ਼ਾਦ
   b) ਪੰਡਿਤ ਜਵਾਹਰ ਲਾਲ ਨਹਿਰੂv
   c) ਸ੍ਰੀਮਤੀ ਇੰਦਰਾ ਗਾਂਧੀ
   d) ਡਾ. ਮਨਮੋਹਨ ਸਿੰਘ
60. ਸੰਯੁਕਤ ਰਾਸ਼ਟਰ ਦੀ ਸਥਾਪਨਾ ਕਦੋਂ ਹੋਈ ਸੀ?
   a) 24 ਅਕਤੂਬਰ 1945v
   b) 29 ਅਪ੍ਰੈਲ 1954
   c) 24 ਦਸੰਬਰ 1950
   d) 10 ਦਸੰਬਰ 1948
61. ਸੰਯੁਕਤ ਰਾਸ਼ਟਰ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ?
   a) ਨਿਊਯਾਰਕv
   b) ਦਿੱਲੀ
   c) ਕਾਠਮੰਡੂ
   d) ਸਿਡਨੀ
62. ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਦੇਸ਼ ਕਿੰਨੇ ਹਨ?
   a) 5v
   b) 6
   c) 7
   d) 8
63. ਅੰਤਰਰਾਸ਼ਟਰੀ ਅਦਾਲਤ ਦਾ ਸਥਾਨ ਕਿੱਥੇ ਹੈ?
   a) ਹੇਗ (ਨੀਦਰਲੈਂਡ) v
   b) ਪੇਈਚਿੰਗ (ਚੀਨ)
   c) ਨਿਊਯਾਰਕ (ਸੰਯੁਕਤ ਰਾਜ ਅਮਰੀਕਾ)
   d) ਦਿੱਲੀ (ਭਾਰਤ)

64. ਨੇਪਾਲ ਵਿੱਚ ਰਾਜਸ਼ਾਹੀ ਦਾ ਅੰਤ ਕਦੋਂ ਹੋਇਆ?
   a) 2006
   b) 2007
   c) 2008v
   d) 2009

65. ਭਾਰਤ ਅਤੇ ਚੀਨ ਨੂੰ ਵੰਡਣ ਵਾਲੀ ਰੇਖਾ ਦਾ ਨਾਂ ਦੱਸੋ।
   a) ਰੈੱਡਕਲਿੱਫ਼
   b) ਮੈਕਮੋਹਨv
   c) 49 ਡਿਗਰੀ ਵਿਥਕਾਰ
   d) $82^0$.6′ ਲੰਬਕਾਰ
66. ਭਾਰਤ ਅਤੇ ਪਾਕਿਸਤਾਨ ਨੂੰ ਵੰਡਣ ਵਾਲੀ ਰੇਖਾ ਦਾ ਨਾਂ ਦੱਸੋ।
   a) ਰੈੱਡਕਲਿੱਫ਼v
   b) ਮੈਕਮੋਹਨ
   c) 49 ਡਿਗਰੀ ਵਿਥਕਾਰ
   d) 820.6′ਲੰਬਕਾਰ
67. ਸ਼ਿਮਲਾ ਸਮਝੌਤਾ ਕਦੋਂ ਹੋਇਆ ਸੀ?
   a) 29 ਅਪ੍ਰੈਲ 1954
   b) 2 ਜੁਲਾਈ1972v
   c) 15 ਅਗਸਤ1947
   d) 2 ਅਕਤੂਬਰ 1959
68. ਸ਼ਿਮਲਾ ਸਮਝੌਤਾ ਕਿਹੜੇ ਦੇਸ਼ਾਂ ਵਿਚਾਲੇ ਹੋਇਆ ਸੀ?
   a) ਭਾਰਤ-ਪਾਕਿਸਤਾਨv
   b) ਭਾਰਤ-ਚੀਨ
   c) ਭਾਰਤ-ਰੂਸ
   d) ਭਾਰਤ-ਨੇਪਾਲ
69. ਤਾਸ਼ਕੰਦ ਸਮਝੌਤਾ ਕਦੋਂ ਹੋਇਆ ਸੀ?
   a) 29 ਅਪ੍ਰੈਲ 1954
   b) 02 ਜੁਲਾਈ 1972
   c) 10 ਜਨਵਰੀ 1966v
   d) 24 ਅਕਤੂਬਰ 1954
70. ਤਾਸ਼ਕੰਦ ਸਮਝੌਤਾ ਕਿਹੜੇ-ਕਿਹੜੇ ਦੇਸ਼ਾਂ ਵਿਚਾਲੇ ਹੋਇਆ ਸੀ?
   a) ਭਾਰਤ-ਚੀਨ
   b) ਭਾਰਤ-ਪਾਕਿਸਤਾਨv
   c) ਭਾਰਤ-ਅਮਰੀਕਾ
   d) ਭਾਰਤ-ਰੂਸ
71.ਭਾਰਤ-ਚੀਨ ਯੁੱਧ ਕਦੋਂ ਹੋਇਆ ਸੀ?
   a) 1962v
   b) 1965
   c) 1971
   d) 1999
72.ਭਾਰਤ-ਪਾਕਿਸਤਾਨ ਪਹਿਲਾ ਯੁੱਧ ਕਦੋਂ ਹੋਇਆ ਸੀ?
   a) 1962
   b) 1965v
   c) 1971
   d) 1999
73. ਜੰਮੂ-ਕਸ਼ਮੀਰ ਵਿੱਚ ਸੰਵਿਧਾਨ ਦੀ ਕਿਹੜੀ ਧਾਰਾ ਖਤਮ ਕੀਤੀ ਗਈ ਹੈ?
   a) 370v
   b) 371
   c) 361
   d) 350

74. ਬੰਗਲਾਦੇਸ਼, ਪਾਕਿਸਤਾਨ ਤੋਂ ਅਲੱਗ ਕਦੋਂ ਹੋਇਆ ਸੀ?
   a) 1962
   b) 1965
   c) 1971v
   d) 1999

## II ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ ਪ੍ਰਸ਼ਨ

75. ਹੇਠ ਲਿਖਿਆਂ ਅੱਗੇ ਠੀਕ ਜਾਂ ਗਲਤ ਦਾ ਚਿੰਨ੍ਹ ਲਗਾਓ:-
   i. ਗ੍ਰਾਹਮ ਵਾਲਸ ਰਾਜਨੀਤੀ ਵਿੱਚ ਮਨੁੱਖੀ ਸੁਭਾਅ ਪੁਸਤਕ ਦਾ ਲੇਖਕ ਸੀ। (v)
   ii. ਰਾਜਨੀਤਕ ਪ੍ਰਨਾਲੀ ਨਾਂ ਦੀ ਧਾਰਨਾ ਦਾ ਪਹਿਲੀ ਵਾਰ ਪ੍ਰਯੋਗ ਡੇਵਿਡ ਈਸਟਨ ਦੁਆਰਾ ਕੀਤਾ ਗਿਆ ਸੀ। (v)
   iii. ਰਾਜਨੀਤਕ ਪ੍ਰਨਾਲੀ ਇੱਕ ਪਰੰਪਰਾਵਾਦੀ ਧਾਰਨਾ ਹੈ। (×)
   iv. ਰਾਜਨੀਤਕ ਸ਼ਬਦ ਸ਼ਕਤੀ ਸੱਤ੍ਹਾ ਅਤੇ ਸ਼ਾਸਨ ਨਾਲ ਸੰਬੰਧਿਤ ਹੁੰਦਾ ਹੈ। (v)
   v. ਰਾਜਨੀਤਕ ਦਲ ਰਾਜਨੀਤਕ ਪ੍ਰਨਾਲੀ ਦੇ ਰਸਮੀ ਢਾਂਚੇ ਹਨ। (×)
   vi. ਰਾਜਨੀਤਕ ਪ੍ਰਨਾਲੀ ਦੀਆਂ ਸੀਮਾਵਾਂ ਖੇਤਰੀ ਹੁੰਦੀਆਂ ਹਨ। (×)
   vii. ਸਾਰੀਆਂ ਰਾਜਨੀਤਕ ਪ੍ਰਨਾਲੀ ਇੱਕੋਂ ਹੀ ਤਰ੍ਹਾਂ ਦੀਆਂ ਨਹੀਂ ਹੁੰਦੀਆਂ ਹਨ। (v)
   viii. ਰਾਜ ਅਤੇ ਰਾਜਨੀਤਕ ਪ੍ਰਨਾਲੀ ਵਿਚਾਲੇ ਕੋਈ ਅੰਤਰ ਨਹੀਂ ਹੁੰਦਾ ਹੈ। (×)
   ix. ਰਾਜ ਅਤੇ ਰਾਜਨੀਤਕ ਪ੍ਰਨਾਲੀ ਦੀਆਂ ਸੀਮਾਵਾਂ ਵਿਚਕਾਰ ਅੰਤਰ ਨਹੀਂ ਹੁੰਦਾ ਹੈ। (×)
   x. ਰਾਜ ਸਥਿਰ ਹੁੰਦਾ ਹੈ, ਪਰੰਤੂ ਰਾਜਨੀਤਕ ਪ੍ਰਨਾਲੀ ਪਰਿਵਰਤਨਸ਼ੀਲ ਹੁੰਦੀ ਹੈ। (v)
   xi. ਉਦਾਰਵਾਦ ਸ਼ਬਦ ਦਾ ਮੂਲ ਲਾਤੀਨੀ ਭਾਸ਼ਾ ਦਾ ਸ਼ਬਦ ਲਿਬਰਲਿਸ ਹੈ। (v)
   xii. ਜਾਨ ਲਾਕ ਪ੍ਰੰਪਰਾਵਾਦੀ ਉਦਾਰਵਾਦ ਦਾ ਸਮਰਥਕ ਹੈ। (v)
   xiii. ਉਦਾਰਵਾਦੀ ਖੁੱਲ੍ਹੇ ਮੁਕਾਬਲੇ ਦੇ ਸਿਧਾਂਤ ਦੇ ਵਿਰੁੱਧ ਹਨ। (×)
   xiv. ਉਦਾਰਵਾਦੀ ਰਾਜ ਨੂੰ ਕੁਦਰਤੀ ਸੰਸਥਾ ਮੰਨਦੇ ਹਨ। (×)
   xv. ਉਦਾਰਵਾਦੀ ਵਿਅਕਤੀ ਨੂੰ ਸਾਧਨ ਅਤੇ ਰਾਜ ਨੂੰ ਉਦੇਸ਼ ਮੰਨਦੇ ਹਨ। (×)
   xvi. ਅਧੁਨਿਕ ਉਦਾਰਵਾਦੀ ਰਾਜ ਨੂੰ ਕਲਿਆਣਕਾਰੀ ਸੰਸਥਾ ਮੰਨਦੇ ਹਨ। (×)
   xvii. ਕਾਰਲ ਮਾਰਕਸ ਨੂੰ ਵਿਗਿਆਨਿਕ ਸਮਾਜਵਾਦ ਦਾ ਪਿਤਾਮਾ ਮੰਨਿਆ ਜਾਂਦਾ ਹੈ। (v)
   xviii. ਕਾਰਲ ਮਾਰਕਸ ਪੂੰਜੀਵਾਦ ਦਾ ਸਮਰਥਕ ਸੀ। (×)
   xix. ਮਾਰਕਸਵਾਦ ਵਰਗ ਸੰਘਰਸ਼ ਦੇ ਸਿਧਾਂਤ ਨੂੰ ਮੰਨਦਾ ਹੈ। (v)
   xx. ਮਾਰਕਸਵਾਦੀ ਨਿੱਜੀ ਖੇਤਰ ਦਾ ਵਿਰੋਧ ਕਰਦੇ ਹਨ। (v)

**76. ਹੇਠ ਲਿਖਿਆਂ ਅੱਗੇ ਠੀਕ ਜਾਂ ਗਲਤ ਦਾ ਚਿੰਨ੍ਹ ਲਗਾਓ-**

   i. ਮਾਰਕਸਵਾਦੀਆਂ ਅਨੁਸਾਰ ਰਾਜ ਵਿਕਾਸ ਦਾ ਨਤੀਜਾ ਹੈ। (×)
   ii. ਮਹਾਤਮਾ ਗਾਂਧੀ ਦੀ ਪਤਨੀ ਦਾ ਨਾਂ ਕਸਤੂਰਬਾ ਸੀ। (v)
   iii. ਗਾਂਧੀ ਜੀ ਰਾਜ ਨੂੰ ਅੰਤਿਮ ਟੀਚਾ ਮੰਨਦੇ ਹਨ। (v)
   iv. ਮਹਾਤਮਾ ਗਾਂਧੀ ਦੀ ਪਤਨੀ ਦਾ ਨਾਂ ਕਸਤੂਰਬਾ ਸੀ। (v)
   v. ਗਾਂਧੀ ਜੀ ਰਾਜ ਨੂੰ ਅੰਤਿਮ ਟੀਚਾ ਮੰਨਦੇ ਹਨ। (v)
   vi. ਮਹਾਤਮਾ ਗਾਂਧੀ ਸ਼ਕਤੀਆਂ ਦੇ ਕੇਂਦਰੀਕਰਨ ਦੇ ਪੱਖ ਵਿੱਚ ਸਨ। (×)
   vii. ਮਹਾਤਮਾ ਗਾਂਧੀ ਪੂੰਜੀਵਾਦੀ ਅਰਥ ਵਿਵਸਥਾ ਦੇ ਸਮਰਥਕ ਸਨ। (×)
   viii. ਮਹਾਤਮਾ ਗਾਂਧੀ ਜੀ ਹਿੰਸਕ ਸਾਧਨਾਂ ਦੇ ਪ੍ਰਯੋਗ ਦੇ ਸਮਰਥਕ ਸਨ। (×)
   ix. ਨੌਕਰਸ਼ਾਹੀ ਨੂੰ ਅਸੈਨਿਕ ਸੇਵਾਵਾਂ ਵੀ ਕਿਹਾ ਜਾਂਦਾ ਹੈ। (v)
   x. ਨੌਕਰਸ਼ਾਹੀ ਸਰਕਾਰੀ ਅਧਿਕਾਰੀਆਂ ਦਾ ਪੇਸ਼ਾਵਰ ਅਤੇ ਨਿਪੁੰਨ ਵਰਗ ਹੁੰਦਾ ਹੈ। (v)
   xi. ਨੌਕਰਸ਼ਾਹੀ ਰਾਜਨੀਤਕ ਅਧਿਕਾਰੀਆਂ ਦਾ ਸਮੂਹ ਹੁੰਦੀ ਹੈ। (×)
   xii. ਨੌਕਰਸ਼ਾਹੀ ਦੀ ਮਿਆਦ ਨਿਸਚਿਤ ਹੁੰਦੀ ਹੈ। (v)
   xiii. ਨੌਕਰਸ਼ਾਹੀ ਗੁਮਨਾਮ ਰੂਪ ਨਾਲ ਕਾਰਜ ਕਰਦੀ ਹੈ। (v)

xiv. ਰਾਜਨੀਤਕ ਕਾਰਜਪਾਲਿਕਾ ਦਾ ਕਾਰਜਕਾਲ ਨਿਸਚਿਤ ਹੁੰਦਾ ਹੈ। (×)

xv. ਬਹੁ ਗਿਣਤੀ ਦੀ ਰਾਏ ਨੂੰ ਲੋਕਮੱਤ ਕਿਹਾ ਜਾਂਦਾ ਹੈ। (×)

xvi. ਰਾਜਨੀਤਕ ਦਲ ਲੋਕਮਤ ਦਾ ਨਿਰਮਾਣ ਕਰਦੇ ਹਨ। (√)

xvii. ਰੇਡੀਓ ਅਤੇ ਦੂਰਦਰਸ਼ਨ ਲੋਕਮੱਤ ਦੇ ਨਿਰਮਾਣ ਵਿੱਚ ਵਿਸ਼ੇਸ ਭੂਮਿਕਾ ਨਿਭਾਉਂਦੇ ਹਨ। (√)

xviii. ਅਨੁਭੂਤਾ ਲੋਕ ਮੱਤ ਦੇ ਨਿਰਮਾਣ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। (√)

xix. ਸੁਤੰਤਰ ਈਮਾਨਦਾਰ ਅਤੇ ਨਿਰਪੱਖ ਪ੍ਰੈਸ ਲੋਕ-ਮੱਤ ਲਈ ਖਤਰਨਾਕ ਹੈ। (×)

xx. ਰਾਜਨੀਤਕ ਦਲਾਂ ਦੇ ਨਿਰਮਾਣ ਲਈ ਸੰਗਠਨ ਦਾ ਹੋਣਾ ਜ਼ਰੂਰੀ ਹੈ। (√)

xxi. ਰਾਜਨੀਤਕ ਦਲਾਂ ਦਾ ਨਿਸਚਿਤ ਪ੍ਰੋਗਰਾਮ ਹੁੰਦਾ ਹੈ। (√)

xxii. ਭਾਰਤ ਵਿੱਚ ਬਹੁ-ਦਲੀ ਪ੍ਰਨਾਲ਼ੀ ਹੈ। (√)

**77. ਹੇਠ ਲਿਖੇ ਕਥਨਾਂ ਅੱਗੇ ਸਹੀ ਜਾਂ ਗਲਤ ਦਾ ਚਿੰਨ੍ਹ ਲਾ ਕੇ ਕਥਨ ਬਾਰੇ ਦੱਸੋ:-**

i. ਇੱਕ ਦਲ ਪ੍ਰਨਾਲ਼ੀ ਸੰਕਟ ਸਮੇਂ ਵੱਧ ਲਾਭਦਾਇਕ ਹੁੰਦੀ ਹੈ। (√)

ii. ਇੱਕ ਦਲ ਪ੍ਰਨਾਲ਼ੀ ਲੋਕਤੰਤਰੀ ਸਿਧਾਂਤਾਂ ਦੇ ਅਨੁਸਾਰ ਹੁੰਦੀ ਹੈ। (×)

iii. ਦਬਾਉ ਸਮੂਹ ਗੈਰ ਰਸਮੀ ਸੰਗਠਨ ਹੁੰਦੇ ਹਨ। (√)

iv. ਦਬਾਉ ਸਮੂਹ ਦੀ ਮੈਂਬਰੀ ਇੱਛੁਕ ਹੁੰਦੀ ਹੈ। (√)

v. ਦਬਾਉ ਸਮੂਹ ਦਾ ਉਦੇਸ਼ ਰਾਜਨੀਤਕ ਸੱਤਾ ਦੀ ਪ੍ਰਾਪਤੀ ਹੁੰਦੀ ਹੈ। (×)

vi. ਦਬਾਉ ਸਮੂਹ ਸੰਵਿਧਾਨਿਕ ਸੰਗਠਨ ਹੁੰਦੇ ਹਨ। (×)

vii. ਦਬਾਉ ਸਮੂਹ ਚੋਣਾਂ ਲੜਦੇ ਹਨ। (×)

viii. ਸੰਸਦੀ ਸਰਕਾਰ ਵਿੱਚ ਵਿਧਾਨਪਾਲਿਕਾ,ਕਾਰਜਪਾਲਿਕਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੀ ਹੈ। (√)

ix. ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਦਾ ਕਾਰਜਕਾਲ ਨਿਸਚਿਤ ਹੁੰਦਾ ਹੈ। (×)

x. ਭਾਰਤ ਵਿੱਚ ਰਾਸ਼ਟਰਪਤੀ ਅਸਲੀ ਕਾਰਜਪਾਲਿਕਾ ਹੈ। (×)

xi. ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਦਾ ਸੰਬੰਧ ਹੁੰਦਾ ਹੈ। (√)

xii. ਭਾਰਤ ਵਿੱਚ ਰਾਜ ਦੀ ਸਰਵਉੱਚ ਸ਼ਕਤੀ ਲੋਕਾਂ ਦੇ ਕੋਲ ਹੈ। (√)

xiii. ਭਾਰਤ ਵਿੱਚ ਵੋਟ ਦੇਣ ਦੀ ਉਮਰ 18 ਸਾਲ ਹੈ। (√)

xiv. ਛੂਤ-ਛਾਤ ਸਮਾਜਿਕ ਅਸਮਾਨਤਾ ਨੂੰ ਜਨਮ ਦਿੰਦੀ ਹੈ। (√)

xv. ਸਾਖਰਤਾ ਦਾ ਵਧਣਾ ਭਾਰਤੀ ਲੋਕਤੰਤਰ ਦੀ ਇੱਕ ਮੁੱਖ ਚੁਣੌਤੀ ਹੈ। (×)

xvi. ਸੰਵਿਧਾਨ ਦੀ 86 ਵੀਂ ਸੋਧ ਰਾਹੀਂ ਅਨੁਛੇਦ 21-A ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਪ੍ਰਬੰਧ ਕਰਦਾ ਹੈ। (√)

**78.ਹੇਠ ਲਿਖਿਆਂ ਅੱਗੇ ਸਹੀ ਜਾਂ ਗਲਤ ਦਾ ਚਿੰਨ੍ਹ ਲਗਾਓ:-**

i. ਭਾਸ਼ਾ ਦੇ ਆਧਾਰ 'ਤੇ 1956 ਵਿੱਚ ਰਾਜਾਂ ਦਾ ਪੁਨਰ ਗਠਨ ਕੀਤਾ ਗਿਆ। (√)

ii. ਭਾਰਤ ਧਰਮਤੰਤਰ ਰਾਜ ਨਹੀਂ ਹੈ। (√)

iii. ਛੋਟੇ ਸ਼ਹਿਰੀ ਖੇਤਰਾਂ ਲਈ ਨਗਰ ਨਿਗਮ ਦੀ ਵਿਵਸਥਾ ਕੀਤੀ ਗਈ ਹੈ। (×)

iv. ਨਗਰ ਪੰਚਾਇਤਾਂ ਦੇ ਮੈਂਬਰਾ ਨੂੰ ਨਗਰ ਕੌਂਸਲਰ ਕਿਹਾ ਜਾਂਦਾ ਹੈ। (×)

v. ਨਗਰ ਪ੍ਰੀਸ਼ਦ ਦੇ ਪ੍ਰਧਾਨ ਦੀ ਚੋਣ ਪ੍ਰਤੱਖ ਤੌਰ 'ਤੇ ਕੀਤੀ ਜਾਂਦੀ ਹੈ। (×)

vi. ਨਗਰ ਨਿਗਮ ਦਾ ਕਾਰਜਕਾਲ 8 ਸਾਲ ਹੈ। (×)

vii. ਕਮਿਸ਼ਨਰ ਨਗਰ ਨਿਗਮ ਦਾ ਕਾਰਜਸਾਧਕ ਅਧਿਕਾਰੀ ਹੁੰਦਾ ਹੈ। (√)

viii. ਭਾਰਤ ਵਿੱਚ ਬਹੁ-ਦਲ ਪ੍ਰਨਾਲ਼ੀ ਮਿਲਦੀ ਹੈ। (√)

ix. ਭਾਰਤ ਵਿੱਚ ਇੱਕ ਦਲ ਦੀ ਪ੍ਰਮੁੱਖਤਾ ਕਾਇਮ ਨਹੀਂ ਹੈ। (√)

x. ਭਾਰਤ ਵਿੱਚ ਵਿਰੋਧੀ ਧਿਰ ਦਾ ਬਹੁਦਲੀ ਸਰੂਪ ਹੈ। (√)

xi. ਭਾਰਤ ਵਿੱਚ ਇੱਕ ਦਲ ਪ੍ਰਨਾਲ਼ੀ ਹੈ।(×)

xii. 52ਵੀਂ ਸੰਵਿਧਾਨਿਕ ਸੋਧ ਭਾਰਤ ਵਿੱਚ ਦਲ ਬਦਲੀ ਨੂੰ ਖਤਮ ਕਰਨ ਵਿੱਚ ਅਸਮਰਥ ਰਹੀ। (√)

xiii. ਭਾਰਤੀ ਰਾਜਨੀਤਕ ਦਲਾਂ ਵਿੱਚ ਅਨੁਸ਼ਾਸਨ ਦੀ ਘਾਟ ਪਾਈ ਜਾਂਦੀ ਹੈ। (√)
xiv. ਸ਼੍ਰੋਮਣੀ ਅਕਾਲੀ ਦਲ ਰਾਸ਼ਟਰੀ ਰਾਜਨੀਤਕ ਦਲ ਹੈ। (×)
xv. ਚੋਣ ਕਮਿਸ਼ਨਰ ਰਾਜਨੀਤਕ ਦਲਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ। (√)
xvi. ਭਾਰਤੀ ਰਾਸ਼ਟਰੀ ਕਾਂਗਰਸ ਭਾਰਤ ਦਾ ਸਭ ਤੋਂ ਪੁਰਾਣਾ ਰਾਜਨੀਤਕ ਦਲ ਹੈ। (√)

79. ਕਥਨਾਂ ਦੀ ਜਾਂਚ ਕਰਕੇ ਸਹੀ ਜਾਂ ਗਲਤ ਅੰਕਤ ਕਰੋ:-

i. ਭਾਰਤੀ ਜਨਤਾ ਪਾਰਟੀ ਦੀ ਸਥਾਪਨਾ 1980 ਵਿੱਚ ਕੀਤੀ ਗਈ ਸੀ। (√)
ii. 'ਕਮਲ ਦਾ ਫੁੱਲ' ਭਾਰਤੀ ਜਨਤਾ ਪਾਰਟੀ ਦਾ ਚੋਣ ਨਿਸ਼ਾਨ ਹੈ। (√)
iii. ਭਾਰਤੀ ਕਮਿਊਨਿਸਟ ਪਾਰਟੀ ਪੂੰਜੀਵਾਦੀ ਵਿਚਾਰਧਾਰਾ ਦੀ ਸਮਰਥਕ ਹੈ। (×)
iv. ਆਮ ਆਦਮੀ ਪਾਰਟੀ ਦੇ ਪੰਜਾਬ ਇਕਾਈ ਦੇ ਪ੍ਰਧਾਨ ਸ੍ਰੀ ਭਗਵੰਤ ਮਾਨ ਹਨ। (√)
v. ਆਮ ਆਦਮੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਅਰਵਿੰਦ ਕੇਜਰੀਵਾਲ ਹਨ। (√)
vi. ਭਾਰਤ ਵਿੱਚ ਸੀਮਿਤ ਮੱਤ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ। (×)
vii. ਭਾਰਤ ਦੇ ਰਾਸ਼ਟਰਪਤੀ ਅਤੇ ਉੱਪ-ਰਾਸ਼ਟਰਪਤੀ ਦੀ ਚੋਣ ਪ੍ਰਤੱਖ ਰੂਪ ਵਿੱਚ ਕੀਤੀ ਜਾਂਦੀ ਹੈ। (×)
viii. ਭਾਰਤ ਵਿੱਚ ਲੋਕ ਸਭਾ ਦੇ ਮੈਂਬਰਾਂ ਦੀ ਚੋਣ ਪ੍ਰਤੱਖ ਰੂਪ ਵਿੱਚ ਕੀਤੀ ਜਾਂਦੀ ਹੈ। (√)
ix. ਭਾਰਤ ਦੀ ਜਨ-ਸਹਿਭਾਗਤਾ ਦਾ ਪੱਧਰ ਕਾਫ਼ੀ ਉੱਚਾ ਹੈ। (×)
x. ਚੋਣ ਆਯੋਗ ਕਮਿਸ਼ਨਦੇ ਮੈਂਬਰ 6 ਸਾਲ ਲਈ ਨਿਯੁਕਤ ਕੀਤੇ ਜਾਂਦੇ ਹਨ। (√)
xi. ਰਾਸ਼ਟਰੀ ਏਕੀਕਰਨ ਲਈ ਭਾਵਨਾਤਮਕ ਏਕੀਕਰਨ ਜ਼ਰੂਰੀ ਹਨ। (√)
xii. ਖੇਤਰੀਵਾਦ ਰਾਸ਼ਟਰੀ ਏਕੀਕਰਨ ਦੀ ਪਹਿਲੀ ਸ਼ਰਤ ਹੈ। (×)
xiii. ਭਾਰਤ ਵਿੱਚ ਭਾਸ਼ਾਵਾਦ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਰੁਕਾਵਟ ਹੈ। (√)
xiv. ਭਾਰਤ ਵਿੱਚ ਧਰਮ ਦੇ ਆਧਾਰ 'ਤੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਹੈ। (×)
xv. ਭਾਰਤ ਵਿੱਚ ਪਹਿਲਾ ਰਾਸ਼ਟਰੀ ਏਕੀਕਰਨ ਸੰਮੇਲਨ 1971 ਵਿੱਚ ਬਲਾਇਆ ਗਿਆ ਸੀ। (×)
xvi. ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੀ ਵਿਦੇਸ਼ ਨੀਤੀ ਦੇ ਪ੍ਰਮੁੱਖ ਨਿਰਮਾਤਾ ਹਨ। (√)

**80 ਸਹੀ ਜਾਂ ਗਲਤ ਪਛਾਣੋ:-**

i. ਭੂਗੋਲਿਕ ਤੱਤਾਂ ਦਾ ਭਾਰਤ ਦੀ ਵਿਦੇਸ਼ ਨੀਤੀ ਨਾਲ ਕੋਈ ਸੰਬੰਧ ਨਹੀਂ ਹੈ। (×)
ii. ਗੁੱਟ ਨਿਰਲੇਪਤਾ ਭਾਰਤ ਦੀ ਵਿਦੇਸ਼ ਨੀਤੀ ਦਾ ਸਿਧਾਂਤ ਹੈ। (√)
iii. ਕਿਸੇ ਵੀ ਸ਼ਕਤੀ ਧੜੇ ਵਿੱਚ ਸ਼ਾਮਲ ਨਾ ਹੋਣਾ ਗੁੱਟ ਨਿਰਲੇਪਤਾ ਦੀ ਵਿਸ਼ੇਸ਼ਤਾ ਹੈ। (√)
iv. ਭਾਰਤ ਨਿਸ਼ਸਤਰੀਕਰਨ ਦਾ ਸਮਰਥਕ ਹੈ। (√)
v. ਭਾਰਤ ਰਾਸ਼ਟਰ ਮੰਡਲ ਦਾ ਮੈਂਬਰ ਨਹੀਂ ਹੈ। (×)
vi. ਭਾਰਤ ਨਸਲਵਾਦ,ਸਮਰਾਜਵਾਦ ਅਤੇ ਬਸਤੀਵਾਦ ਦਾ ਸਮਰਥਕ ਹੈ। (×)
vii. ਸੰਯੁਕਤ ਰਾਸ਼ਟਰ 24 ਅਕਤੂਬਰ 1945 ਨੂੰ ਹੋਂਦ ਵਿੱਚ ਆਇਆ। (√)
viii. ਭਾਰਤ ਸੰਯੁਕਤ ਰਾਸ਼ਟਰ ਦੇ ਮੁਢਲੇ ਮੈਂਬਰਾਂ ਵਿੱਚੋਂ ਇੱਕ ਹੈ। (√)
ix. ਸੁਰੱਖਿਆ ਪ੍ਰੀਸ਼ਦ ਦੇ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ। (√)
x. ਅੰਤਰਰਾਸ਼ਟਰੀ ਨਿਆਂ ਅਦਾਲਤ ਨੂੰ ਵਿਸ਼ਵ ਦੀ ਸਰਵਉੱਚ ਅਦਾਲਤ ਮੰਨਿਆਂ ਜਾਂਦਾ ਹੈ। (√)
xi. ਸ੍ਰੀਮਤੀ ਵਿਜੈ ਲਕਸ਼ਮੀ ਪੰਡਿਤ ਮਹਾਂਸਭਾ ਦੀ ਪਹਿਲੀ ਇਸਤਰੀ ਪ੍ਰਧਾਨ ਸੀ। (√)
xii. ਸਾਰਕ ਦੀ ਸਥਾਪਨਾ 1985 ਵਿੱਚ ਕੀਤੀ ਗਈ ਸੀ। (√)
xiii. ਸਾਰਕ ਦੱਖਣੀ ਏਸ਼ੀਆਈ ਦੇਸ਼ਾਂ ਦਾ ਸੰਗਠਨ ਹੈ। (√)
xiv. ਅਫਗਾਨਿਸਤਾਨ ਨੂੰ 2005 ਵਿੱਚ ਢਾਕਾ ਵਿਖੇ ਹੋਏ 13ਵੇਂ ਸੰਮੇਲਨ ਵਿੱਚ ਸਾਰਕ ਵਿੱਚ ਸ਼ਾਮਲ ਕੀਤਾ ਗਿਆ ਸੀ। (√)
xv. ਨੇਪਾਲ ਭਾਰਤ ਦੀ ਪੱਛਮੀ ਸੀਮਾ 'ਤੇ ਸਥਿਤ ਹੈ। (×)
xvi. ਬੰਗਲਾ ਦੇਸ਼ 1971 ਤੋਂ ਪਹਿਲਾਂ ਪਾਕਿਸਤਾਨ ਦੀ ਇੱਕ ਭਾਗ ਸੀ। (√)
xvii. ਜੰਮੂ-ਕਸ਼ਮੀਰ ਵਿੱਚ ਸੰਵਿਧਾਨ ਦੀ ਧਾਰਾ 370 ਖਤਮ ਕਰ ਦਿੱਤੀ ਗਈ ਹੈ। (√)
xviii. ਭਾਰਤ ਵਿੱਚ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ, 12 ਅਕਤੂਬਰ 1993 ਨੂੰ ਸਥਾਪਤ ਕੀਤਾ ਗਿਆ ਸੀ। (√)
xIx. ਭਾਰਤ ਨਿਸ਼ਤਰੀਕਰਨ ਦਾ ਵਿਰੋਧੀ ਹੈ। (×)

81 ਰਾਜਨੀਤਕ ਪ੍ਰਨਾਲੀ ਸ਼ਬਦ ਦੀ ਪਹਿਲੀ ਵਾਰ ਵਰਤੋਂ ਕਿਸਨੇ ਕੀਤੀ ?
ਉੱਤਰ ਡੇਵਿਡ ਈਸਟਨ
82. ਰਾਜਨੀਤਕ ਪ੍ਰਨਾਲ਼ੀ ਦੀ ਕੋਈ ਇੱਕ ਵਿਸ਼ੇਸਤਾ ਲਿਖੋ।
ਉੱਤਰ ਰਾਜਨੀਤਕ ਪ੍ਰਨਾਲ਼ੀ ਮਨੁੱਖੀ ਸੰਬੰਧਾ ਦਾ ਸਥਾਈ ਨਮੂਨਾ ਹੈ।
83. ਰਾਜਨੀਤਕ ਪ੍ਰਨਾਲ਼ੀ ਦਾ ਇੱਕ ਨਿਵੇਸ਼ ਕਾਰਜ ਦੱਸੋ।
ਉੱਤਰ- ਹਿੱਤ ਸਰੂਪੀਕਰਨ
84. ਹਿੱਤ ਸਰੂਪੀਕਰਨ ਤੋਂ ਕੀ ਭਾਵ ਹੈ?
ਉੱਤਰ- ਮੰਗਾਂ ਨੂੰ ਆਮ ਨੀਤੀਆਂ ਵਿੱਚ ਬਦਲਣਾ।
85. ਰਾਜਨੀਤਕ ਸੰਚਾਰ ਦਾ ਕੀ ਅਰਥ ਹੈ?
ਉੱਤਰ- ਰਾਜਨੀਤਕ ਸ਼ਰਤਾਂ ਪ੍ਰਦਾਨ ਕਰਨਾ।
86. ਰਾਜਨੀਤਕ ਪ੍ਰਨਾਲ਼ੀ ਅਤੇ ਰਾਜ ਵਿੱਚ ਕੋਈ ਇੱਕ ਅੰਤਰ ਦੱਸੋ।
ਉੱਤਰ- ਰਾਜ ਸਥਾਈ ਹੁੰਦਾ ਹੈ, ਪਰ ਰਾਜਨੀਤਕ ਪ੍ਰਨਾਲ਼ੀ ਪਰਿਵਰਤਨਸ਼ੀਲ ਹੁੰਦੀ ਹੈ।
87. 'ਲਿਬਰਲਿਜ਼ਮ ' ਸ਼ਬਦ ਦੀ ਉਤਪਤੀ ਕਿਸ ਭਾਸ਼ਾ ਦੇ ਸ਼ਬਦ ਤੋਂ ਹੁੰਦੀ ਹੈ?
ਉੱਤਰ- ਲਾਤੀਨੀ
88. ਉਦਾਰਵਾਦ ਦਾ ਜਨਮਦਾਤਾ ਕੌਣ ਮੰਨਿਆ ਜਾਂਦਾ ਹੈ?
ਉੱਤਰ ਜਾਨ ਲਾਕ
89. ਉਦਾਰਵਾਦ ਦੇ ਕਿੰਨੇ ਰੂਪ ਹਨ?
ਉੱਤਰ- ਦੋ
90. ਆਰਥਿਕ ਖੇਤਰ ਵਿੱਚ 'ਮੁਕਤ ਰਹਿਣ ਦਿਓ' ਦਾ ਸਿਧਾਂਤ ਕਿਸਨੇ ਪੇਸ਼ ਕੀਤਾ?
ਉੱਤਰ- ਐਡਮ ਸਮਿੱਥ
91. ਵਿਗਿਆਨਿਕ ਸਮਾਜਵਾਦ ਦਾ ਪਿਤਾਮਾ ਕਿਸਨੂੰ ਮੰਨਿਆ ਜਾਂਦਾ ਹੈ?
ਉੱਤਰ- ਕਾਰਲ ਮਾਰਕਸ
92. ਕਾਰਲਮਾਰਕਸ ਧਰਮ ਨੂੰ ਕੀ ਮੰਨਦਾ ਸੀ?
ਉੱਤਰ- ਅਫ਼ੀਮ
93. ਵਿਗਿਆਨਿਕ ਸਮਾਜਵਾਦ ਦਾ ਦੂਜਾ ਨਾਂ ਕੀ ਹੈ?
ਉੱਤਰ- ਸਾਮਵਾਦ
94. ਮਾਰਕਸਵਾਦ ਦਾ ਅੰਤਿਮ ਉਦੇਸ਼ ਕੀ ਹੈ?
ਉੱਤਰ –ਵਰਗਹੀਣ ਅਤੇ ਰਾਜਹੀਣ ਸਾਮਵਾਦੀ ਸਮਾਜ ਦੀ ਸਥਾਪਨਾ ਕਰਨਾ।
95. ਭਾਰਤੀ ਰਾਸ਼ਟਰੀ ਅੰਦੋਲਨ ਦੇ 1919 ਤੋਂ 1947 ਦੇ ਕਾਲ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ- ਗਾਂਧੀ ਯੁੱਗ/ਕਾਲ
96. ਮਹਾਤਮਾਗਾਂਧੀ ਜੀ ਦੀ ਮੌਤ ਕਦੋਂ ਹੋਈ?
ਉੱਤਰ- 30 ਜਨਵਰੀ 1948
97. ਮਹਾਤਮਾ ਗਾਂਧੀ ਜੀ ਨੂੰ ਰਾਸ਼ਟਰ ਪਿਤਾ ਦੀ ਉਪਾਧੀ ਕਿਸਨੇ ਦਿੱਤੀ।
ਉੱਤਰ- ਸੁਭਾਸ਼ ਚੰਦਰ ਬੋਸ
98. ਮਹਾਤਮਾ ਗਾਂਧੀ ਜੀ ਨੂੰ ਮਹਾਤਮਾ ਗਾਂਧੀ ਦੀ ਉਪਾਧੀ ਕਿਸਨੇ ਦਿੱਤੀ।
ਉੱਤਰ- ਰਬਿੰਦਰ ਨਾਥ ਟੈਗੋਰ।
99. ਮਹਾਤਮਾ ਗਾਂਧੀ ਜੀ ਦੀ ਸਵੈ ਜੀਵਨੀ ਦਾ ਨਾਂ ਦੱਸੋ।
ਉੱਤਰ- ਸੱਚ ਨਾਲ਼ ਮੇਰੇ ਤਬਰਬੇ
100. ਨੌਕਰਸ਼ਾਹੀ ਸ਼ਬਦ ਕਿਸ ਸ਼ਬਦ ਦਾ ਪੰਜਾਬੀ ਅਨੁਵਾਦ ਹੈ?
ਉੱਤਰ- ਬਿਊਰੋਕ੍ਰੇਸੀ
101. ਸਿੱਧੀ ਭਰਤੀ ਦਾ ਇੱਕ ਗੁਣ ਲਿਖੋ।
ਉੱਤਰ- ਲੋਕਤੰਤਰੀ ਵਿਧੀ।
102. ਅੰਦਰੂਨੀ ਭਰਤੀ ਦਾ ਇੱਕ ਗੁਣ ਲਿਖੋ।
ਉੱਤਰ- ਕੰਮ ਦਾ ਅਨੁਭਵ
103. ਨੌਕਰਸ਼ਾਹੀ ਦਾ ਮੁੱਖ ਕੰਮ ਕੀ ਹੈ?
ਉੱਤਰ- ਪ੍ਰਸ਼ਾਸਨ ਚਲਾਉਣਾ।

104. ਰਾਜਨੀਤੀ ਅਧਾਰਿਤ ਭਰਤੀ ਵਿਧੀ ਦਾ ਕੀ ਨਾਂ ਹੈ?
ਉੱਤਰ- ਸਪਾਇਲ ਸਿਸਟਮ
105. ਨੌਕਰਸ਼ਾਹੀ ਦੀ ਇੱਕ ਕਮਜ਼ੋਰੀ ਦੱਸੋ।
ਉੱਤਰ- ਗੈਰ-ਜ਼ਿੰਮੇਵਾਰੀ ਦੀ ਭਾਵਨਾ
106. ਰਾਜਨੀਤਕ ਦਲਾਂ ਦਾ ਮੁੱਖ ਉਦੇਸ਼ ਕੀ ਹੈ?
ਉੱਤਰ- ਸਰਕਾਰ ਬਨਾਉਣ/ਸੱਤ੍ਹਾ ਪ੍ਰਾਪਤੀ
107. ਰਾਜਨੀਤਕ ਦਲ ਦਾ ਇੱਕ ਜ਼ਰੂਰੀ ਤੱਤ ਦੱਸੋ।
ਉੱਤਰ- ਸੰਗਠਨ
108. ਰਾਜਨੀਤਕ ਦਲਾਂ ਦਾ ਮੁੱਖ ਕੰਮ ਦੱਸੋ।
ਉੱਤਰ- ਚੋਣਾਂ ਲੜਨਾ
109. ਦੋ ਦਲ ਪ੍ਰਨਾਲ਼ੀ ਵਾਲ਼ੇ ਇੱਕ ਦੇਸ਼ ਦਾ ਨਾਂ ਦੱਸੋ।
ਉੱਤਰ- ਇੰਗਲੈਂਡ
110. ਹਿੱਤ ਸਮੂਹ ਦੀ ਕੋਈ ਇੱਕ ਵਿਸ਼ੇਸ਼ਤਾ ਦੱਸੋ।
ਉੱਤਰ- ਰਸਮੀ ਸੰਗਠਨ
111. ਕਿਸੇ ਇੱਕ ਦਬਾਅ ਸਮੂਹ ਦਾ ਨਾਂ ਦੱਸੋ।
ਉੱਤਰ- ਭਾਰਤੀ ਕਿਸਾਨ ਯੂਨੀਅਨ
112. ਲਾਬਿੰਗ ਕੀ ਹੈ?
ਉੱਤਰ- ਸਰਕਾਰ 'ਤੇ ਦਬਾਅ ਬਣਾਉਣ ਦੀ ਇੱਕ ਵਿਧੀ।
113. ਸੰਸਦੀ ਸਰਕਾਰ ਤੋਂ ਕੀ ਭਾਵ ਹੈ?
ਉੱਤਰ- ਜਿੱਥੇ ਵਿਧਾਨਪਾਲਕਾ ਤੇ ਕਾਰਜਪਾਲਿਕਾ ਵਿੱਚ ਨੇੜਤਾ ਸਬੰਧ ਹੋਵੇ।
114. ਸੰਸਦੀ ਸਰਕਾਰ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆਂ ਜਾਂਦਾ ਹੈ?
ਉੱਤਰ- ਜਿੰਮੇਵਾਰ ਸਰਕਾਰ
115. ਰਾਸ਼ਟਰਪਤੀ ਅਧਿਆਦੇਸ਼ ਕਦੋ ਜਾਰੀ ਕਰਦਾ ਹੈ?
ਉੱਤਰ- ਜਦੋਂ ਸੰਸਦ ਦਾ ਸਮਾਗਮ ਨਾ ਹੋ ਰਿਹਾ ਹੋਵੇ।
116. ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਲੋਕ ਸਭਾ ਨੂੰ ਕੌਣ, ਕਿਸਦੇ ਕਹਿਣ 'ਤੇ ਭੰਗ ਕਰ ਸਕਦਾ ਹੈ?
ਉੱਤਰ- ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਿਫਾਰਸ਼ 'ਤੇ
117. ਭਾਰਤੀ ਸੰਵਿਧਾਨ ਦੀ 91ਵੀਂ ਸੋਧ ਕਿਸ ਨਾਲ਼ ਸੰਬੰਧਤ ਹੈ?
ਉੱਤਰ- ਮੰਤਰੀ ਪਰਿਸ਼ਦ ਦਾ ਅਕਾਰ ਨਿਸ਼ਚਿਤ ਕਰਨ ਨਾਲ
118. ਭਾਰਤ ਵਿੱਚ ਸਰਵ ਉੱਚ ਸ਼ਕਤੀ ਕਿਸ ਕੋਲ ਹੈ?
ਉੱਤਰ- ਲੋਕਾਂ ਕੋਲ
119. ਕਾਨੂੰਨ ਦੇ ਸ਼ਾਸਨ ਤੋਂ ਕੀ ਭਾਵ ਹੈ?
ਉੱਤਰ- ਕਾਨੂੰਨ ਸਾਰਿਆਂ ਲਈ ਇਕਸਾਰ ਹੈ।
120. ਭਾਰਤੀ ਸੰਵਿਧਾਨ ਦੀ ਧਾਰਾ 17 ਕਿਸ ਨਾਲ਼ ਸੰਬੰਧਤ ਹੈ।
ਉੱਤਰ- ਛੂਤ-ਛਾਤ ਦੀ ਸਮਾਪਤੀ
121. ਭਾਰਤੀ ਸੰਵਿਧਿਨ ਦੀ 86 ਵੀਂ ਸੰਵਿਧਾਨਿਕ ਸੋਧ ਰਾਹੀਂ ਕਿੰਨੀ ਉਮਰ ਦੇ ਬੱਚਿਆਂ ਲਈ ਮੁਫਤ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ?
ਉੱਤਰ- 6 ਤੋਂ 14 ਸਾਲ ਦੀ ਉਮਰ
122. ਰਾਜਨੀਤਕ ਹਿੰਸਾ ਤੋਂ ਕੀ ਭਾਵ ਹੈ?
ਉੱਤਰ- ਚੋਣਾਂ ਵਿੱਚ ਖੜ੍ਹੇ ਵਿਰੋਧੀ ਉਮੀਦਵਾਰ ਨੂੰ ਅਗਵਾਂ ਕਰਨਾ ਜਾਂ ਉਸਦੀ ਹੱਤਿਆ ਕਰ ਦੇਣੀ।
123. ਪੇਂਡੂ ਪੱਧਰ ਦਾ ਸਥਾਨਕ ਸੰਸਥਾਵਾਂ ਨੂੰ ਸੰਵਿਧਾਨਕ ਮਾਨਤਾ ਕਿਹੜੀ ਸੰਵਿਧਾਨਕ ਸੋਧ ਰਾਹੀਂ ਦਿੱਤੀ ਗਈ ਹੈ?
ਉੱਤਰ- 73ਵੀਂ
124. ਸ਼ਹਿਰੀ ਪੱਧਰ ਦੀਆਂ ਸਥਾਨਕ ਸੰਸਥਾਵਾਂ ਨੂੰ ਸੰਵਿਧਾਨਿਕ ਮਾਨਤਾ ਕਿਹੜੀ ਸੰਵਿਧਾਨਿਕ ਸੋਧ ਰਾਹੀਂ ਦਿੱਤੀ ਗਈ ਹੈ?
ਉੱਤਰ- 74ਵੀਂ
125. ਪੰਚਾਇਤੀ ਰਾਜ ਦੀ ਧਾਰਨਾ ਕਿਸ ਸਿਧਾਂਤ 'ਤੇ ਅਧਾਰਤ ਹੈ?
ਉੱਤਰ- ਲੋਕਤੰਤਰੀ

126. ਗ੍ਰਾਮ ਪੰਚਾਇਤ ਦੀ ਚੋਣ ਲੜਨ ਲਈ ਘੱਟੋਂ-ਘੱਟ ਉਮਰ ਕਿੰਨੀ ਚਾਹੀਦੀ ਹੈ?
ਉੱਤਰ- 21 ਸਾਲ
127. ਗ੍ਰਾਮ ਪੰਚਾਇਤ ਦੇ ਪੰਚਾਂ ਦਾ ਕਾਰਜਕਾਲ ਕਿੰਨਾ ਹੁੰਦਾ ਹੈ?
ਉੱਤਰ- 5 ਸਾਲ
128. ਪੰਚਾਇਤ ਸੰਮਤੀ ਦਾ ਕਾਰਜਕਾਲ ਕਿੰਨਾ ਹੁੰਦਾ ਹੈ?
ਉੱਤਰ- 5 ਸਾਲ
129. ਜ਼ਿਲ੍ਹਾ ਪਰਿਸ਼ਦ ਦਾ ਕਾਰਜਸਾਧਕ ਅਧਿਕਾਰੀ ਕੌਣ ਹੁੰਦਾ ਹੈ?
ਉੱਤਰ- ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ)
130. ਪੰਚਾਇਤੀ ਰਾਜ ਦੀ ਸਫ਼ਲਤਾ ਦੇ ਰਸਤੇ ਵਿੱਚ ਇੱਕ ਰੁਕਾਵਟ ਦੱਸੋ ?
ਉੱਤਰ- ਅਨਪੜ੍ਹਤਾ
131. ਨਗਰ ਨਿਗਮ ਦੇ ਮੁਖੀ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ- ਮੇਅਰ
132. ਵਰਤਮਾਨ ਸਮੇਂ ਭਾਰਤ ਵਿੱਚ ਕਿੰਨੇ ਰਾਸ਼ਟਰੀ ਰਾਜਨੀਤਕ ਦਲ ਹਨ?
ਉੱਤਰ- 08
133. ਕਿਸੇ ਇਕ ਰਾਸ਼ਟਰੀ ਰਾਜਨੀਤਕ ਦਲ ਦਾ ਨਾਂ ਦੱਸੋ?
ਉੱਤਰ- ਭਾਰਤੀ ਜਨਤਾ ਪਾਰਟੀ
134. ਕਿਸੇ ਇੱਕ ਖੇਤਰੀ ਰਾਜਨੀਤਕ ਦਲ ਦਾ ਨਾਂ ਦੱਸੋ।
ਉੱਤਰ- ਸ਼੍ਰੋਮਣੀ ਅਕਾਲੀ ਦਲ
135. ਭਾਰਤੀ ਰਾਸ਼ਟਰੀ ਕਾਂਗਰਸ ਦੇ ਸੰਸਥਾਪਕ ਕੌਣ ਸਨ?
ਉੱਤਰ- ਸਰ ਏ.ਓ. ਹਿਊਮ
136. ਭਾਰਤੀ ਰਾਸ਼ਟਰੀ ਕਾਂਗਰਸ ਦਾ ਚੋਣ ਨਿਸ਼ਾਨ ਕੀ ਹੈ?
ਉੱਤਰ- ਪੰਜਾ(ਹੱਥ)
137. ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਦੋਂ ਹੋਈ ਸੀ?
ਉੱਤਰ- 1925 ਵਿੱਚ
138. ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਸਥਾਪਨਾ ਕਦੋਂ ਹੋਈ ਸੀ?
ਉੱਤਰ- 1964 ਵਿੱਚ
139. ਚੋਣ ਆਯੋਗ ਦੇ ਮੈਂਬਰਾਂ ਦੀ ਨਿਯੁਕਤੀ ਕੌਣ ਕਰਦਾ ਹੈ?
ਉੱਤਰ- ਰਾਸ਼ਟਰਪਤੀ
140. ਚੋਣ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
ਉੱਤਰ- ਮੁੱਖ ਚੋਣ ਕਮਿਸ਼ਨਰ
141. ਭਾਰਤ ਵਿੱਚ ਚੋਣ ਖੇਤਰ ਹੱਦਬੰਦੀ ਕੌਣ ਕਰਦਾ ਹੈ?
ਉੱਤਰ- ਚੋਣ ਕਮਿਸ਼ਨ
142. ਭਾਰਤ ਵਿੱਚ ਚੋਣ ਅਪੀਲ ਦੀ ਸੁਣਵਾਈ ਕੌਣ ਕਰਦਾ ਹੈ?
ਉੱਤਰ- ਹਾਈ ਕੋਰਟ
143. ਭਾਰਤੀ ਵਿਦੇਸ਼ ਨੀਤੀ ਦਾ ਕੋਈ ਇੱਕ ਸਿਧਾਂਤ ਦੱਸੋ।
ਉੱਤਰ- ਵਿਸ਼ਵ ਸ਼ਾਂਤੀ
144. ਸੰਯੁਕਤ ਰਾਸ਼ਟਰ ਦੇ ਮੁੱਢਲੇ ਮੈਂਬਰ ਕਿੰਨੇ ਸਨ?
ਉੱਤਰ- 51
145. ਸੰਯੁਕਤ ਰਾਸ਼ਟਰ ਦੇ ਕਿੰਨੇ ਮੂਲ ਸਿਧਾਂਤ ਹਨ?
ਉੱਤਰ- 07
146. ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਕੋਲ ਕਿਹੜੀ ਸ਼ਕਤੀ ਹੈ?
ਉੱਤਰ- ਵੀਟੋ
147. ਸੰਯੁਕਤ ਰਾਸ਼ਟਰ ਦੇ ਕਿੰਨੇ ਅੰਗ ਹਨ?
ਉੱਤਰ- ਛੇ

148. ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਦਾ ਨਾਂ ਦੱਸੋ।

ਉੱਤਰ- R- Russia (ਰੂਸ)

E-England (ਇੰਗਲੈਂਡ)

C- China(ਚੀਨ)

A-America(ਅਮਰੀਕਾ)

F-France (ਫ਼ਰਾਂਸ)

149. ਭਾਰਤ-ਪਾਕਿਸਤਾਨ ਵੰਡ ਕਦੋਂ ਹੋਈ?

ਉੱਤਰ- 1947 ਵਿੱਚ

150. ਭਾਰਤ-ਪਾਕਿਸਤਾਨ ਵਿਚਾਲੇ ਕੋਈ ਇੱਕ ਮੁੱਖ ਸਮੱਸਿਆ ਦੱਸੋ?

ਉੱਤਰ- ਕਸ਼ਮੀਰ

151. ਮਨੁੱਖੀ ਅਧਿਕਾਰਾਂ ਦੀ ਸਰਵ- ਵਿਆਪੀ ਘੋਸ਼ਣਾ ਕਦੋਂ ਹੋਈ ਸੀ?

ਉੱਤਰ- 10 ਦਸੰਬਰ, 1948 ਨੂੰ

152. ਵਿਸ਼ਵੀਕਰਨ ਕੀ ਹੈ?

ਉੱਤਰ- 'ਸਾਰਾ ਵਿਸ਼ਵ ਇੱਕ ਪਿੰਡ'।

**153. ਖਾਲੀ ਸਥਾਨ ਭਰ ਕੇ ਕਥਨ ਪੂਰਾ ਕਰੋ-**

i. ਹਰੇਕ ਰਾਜਨੀਤਕ ਪ੍ਰਨਾਲ਼ੀ ਦਾ ਸਰੀਰਕ ਬਲ ਪ੍ਰਯੋਗ ਉਚਿੱਤਤਾਪੂਰਨ ਹੁੰਦਾ ਹੈ।
ii. ਰਾਜਨੀਤਕ ਪ੍ਰਨਾਲ਼ੀ ਇੱਕ ਖੁੱਲੀ ਵਿਵਸਥਾ ਹੁੰਦੀ ਹੈ।
iii. ਰਾਜਨੀਤਕ ਪ੍ਰਨਾਲ਼ੀ ਨਿਵੇਸ਼ਾਂ ਨੂੰ ਨਿਕਾਸਾਂ ਵਿੱਚ ਬਦਲਣ ਦਾ ਕਾਰਜ ਕਰਦੀ ਹੈ।
iv. ਰਾਜਨੀਤਕ ਪ੍ਰਨਾਲ਼ੀ ਸਮਾਜੀਕਰਨ ਅਤੇ ਭਾਰਤੀ ਰਾਜਨੀਤਕ ਪ੍ਰਣਆਲੀ ਦਾ ਇੱਕ ਨਿਵੇਸ਼ ਕਾਰਜ ਹੈ।
v. ਨਿਯਮ ਬਣਾਉਣਾ ਰਾਜਨੀਤਕ ਪ੍ਰਨਾਲ਼ੀ ਦਾ ਨਿਕਾਸ ਕਾਰਜ ਹੈ।
vi. ਰਾਜ ਸਥਿਰ ਹੁੰਦਾ ਹੈ, ਪਰੰਤੂ ਰਾਜਨੀਤਕ ਪ੍ਰਨਾਲ਼ੀ ਪਰਿਵਰਤਨਸ਼ੀਲ ਹੁੰਦੀ ਹੈ।
vii. ਉਦਾਰਵਾਦੀ ਮਨੁੱਖ ਦੀ ਤਰਕਸ਼ੀਲਤਾ ਵਿੱਚ ਵਿਸ਼ਵਾਸ਼ ਰੱਖਦੇ ਹਨ।
viii. ਪਰੰਪਰਾਵਾਦੀ ਉਦਾਰਵਾਦੀ ਰਾਜ ਨੂੰ ਇੱਕ ਜ਼ਰੂਰੀ ਬੁਰਾਈ ਸਮਝਦੇ ਹਨ।
ix. ਪਰੰਪਰਾਵਾਦੀ ਉਦਾਰਵਾਦ ਅਨੁਸਾਰ ਰਾਜ ਇੱਕ ਸਾਧਨ ਹੈ ਅਤੇ ਵਿਅਕਤੀ ਬਨਾਵਟੀ ਹੈ।
x. ਮਾਰਕਸਵਾਦੀਆਂ ਅਨੁਸਾਰ ਰਾਜ ਅਸਥਾਈ ਸੰਸਥਾ ਹੈ।
xi. ਮਾਰਕਸ ਦਾ ਧਰਮ ਵਿੱਚ ਕੋਈ ਵਿਸ਼ਵਾਸ ਨਹੀਂ ਸੀ।
xii. ਮਾਰਕਸਵਾਦ ਆਰਥਿਕ ਤਰੀਕਿਆਂ ਵਿੱਚ ਵਿਸ਼ਵਾਸ ਰੱਖਦਾ ਹੈ।
xiii. 1893 ਵਿੱਚ ਗਾਂਧੀ ਜੀ ਇੱਕ ਮੁਕੱਦਮੇ ਦੀ ਪੈਰਵੀ ਕਰਨ ਲਈ ਦੱਖਣੀ ਅਫ਼ਰੀਕਾ ਗਏ।
xiv. ਸੱਚ ਅਤੇ ਅਹਿੰਸਾ ਗਾਂਧੀ ਜੀ ਦੇ ਰਾਜਨੀਤਕ ਵਿਚਾਰਾਂ ਦੇ ਨੈਤਿਕ ਅਧਾਰ ਹਨ।
xv. ਗਾਂਧੀ ਜੀ ਨੇ ਸਤਿਆਗ੍ਰਹਿ ਨੂੰ ਇੱਕ ਨੈਤਿਕ ਹਥਿਆਰ ਮੰਨਿਆ ਹੈ।
xvi. ਗਾਂਧੀ ਜੀ ਰਾਜ ਨੂੰ ਸਾਧਨ ਅਤੇ ਵਿਅਕਤੀ ਨੂੰ ਉਦੇਸ਼ ਮੰਨਦੇ ਸਨ।
xvii. ਗਾਂਧੀ ਜੀ ਉਦਾਰਵਾਦੀ ਰਾਸ਼ਟਰਵਾਦ ਦੇ ਸਮਰਥਕ ਸਨ।
xviii. ਨੌਕਰਸ਼ਾਹੀ ਦਾ ਕਾਰਜਕਾਲ ਸਥਾਈ ਹੁੰਦਾ ਹੈ।
xix. ਰਾਜਨੀਤਕ ਕਾਰਜਪਾਲਿਕਾ ਦਾ ਕਾਰਜਕਾਲ ਅਨਿਸਚਿਤ ਹੁੰਦਾ ਹੈ।
xx. ਨੌਕਰਸ਼ਾਹੀ ਨੂੰ ਰਾਜ ਪ੍ਰਬੰਧ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ।
xxi. ਨੌਕਰਸ਼ਾਹੀ ਸ਼ਾਸਨ ਵਿੱਚ ਸਥਿਰਤਾ ਬਣਾਈ ਰੱਖਦੀ ਹੈ।
xxii. ਲੋਕਮੱਤ ਦਾ ਉਦੇਸ਼ ਸਰਵਜਨਕ ਭਲਾਈ ਹੁੰਦਾ ਹੈ।
xxiii. ਲੋਕਮੱਤ ਕਾਨੂੰਨ ਨਿਰਮਾਣ ਵਿੱਚ ਸਹਾਇਕ ਹੁੰਦਾ ਹੈ।
xxiv. ਰਾਜਨੀਤਕ ਦਲਾਂ ਤੋਂ ਬਿਨਾਂ ਲੋਕਤੰਤਰ ਸੰਭਵ ਨਹੀਂ ਹੈ।
xxv. ਰਾਜਨੀਤਕ ਦਲ ਸਰਕਾਰ ਦਾ ਨਿਰਮਾਣ ਕਰਦੇ ਹਨ।

**154. ਖਾਲੀ ਥਾਵਾਂ ਭਰ ਕੇ ਕਥਨ ਪੂਰਾ ਕਰੋ-**

i. ਰਾਜਨੀਤਕ ਦਲ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦੇ ਹਨ।
ii. ਭਾਰਤ ਵਿੱਚ ਬਹੁ ਦਲ ਪ੍ਰਣਆਲੀ ਪਾਈ ਜਾਂਦੀ ਹੈ।
iii. ਇੱਕ-ਦਲ ਪ੍ਰਨਾਲ਼ੀ ਵਿੱਚ ਸ਼ਕਤੀਸ਼ਾਲੀ ਸਰਕਾਰ ਹੁੰਦੀ ਹੈ।
iv. ਰਾਜਨੀਤਕ ਦਲ ਲੋਕਤੰਤਰ ਦੀ ਦੀ ਜਿੰਦ ਜਾਨ ਹੁੰਦੇ ਹੈ।

v. ਦਬਾਅ ਸਮੂਹਾਂ ਦਾ ਉਦੇਸ਼ ਰਾਜਨੀਤਕ ਸੱਤਾ ਪ੍ਰਾਪਤ ਕਰਨਾ ਨਹੀ ਹੁੰਦਾ ਹੈ।
vi. ਦਬਾਅ ਸਮੂਹਾਂ ਦੀ ਮੈਂਬਰਸ਼ਿਪ ਇੱਛਕ ਹੁੰਦੀ ਹੈ।
vii. ਦਬਾਅ ਸਮੂਹਾਂ ਅਤੇ ਰਾਜਨੀਤਕ ਦਲਾਂ ਵਿਚਕਾਰ ਅੰਤਰ ਹੁੰਦਾ ਹੈ।
viii. ਦਬਾਅ ਸਮੂਹ ਚੋਣਾਂ ਨਹੀਂ ਲੜਦੇ ਹਨ।
ix. ਸੰਸਦੀ ਸਰਕਾਰ ਨੂੰ ਜ਼ਿੰਮੇਵਾਰ ਸਰਕਾਰ ਵੀ ਕਹਿੰਦੇ ਹਨ।
x. ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਦੇ ਦੋ ਰੂਪ ਹੁੰਦੇ ਹਨ।
xi. ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿਚਕਾਰ ਗੂੜ੍ਹੇ ਸੰਬੰਧ ਹੁੰਦੇ ਹਨ।
xii. ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਮੰਤਰੀ ਪ੍ਰੀਸ਼ਦ ਦੀ ਮਿਆਦ ਅਨਿਸਚਤ ਹੁੰਦੀ ਹੈ।
xiii. ਭਾਰਤ ਵਿੱਚ ਸੰਸਦ ਦੇ ਹੇਠਲੇ ਸਦਨ ਨੂੰ ਕਾਰਜਕਾਲ ਪੂਰਾ ਹੋਣ ਤੋਂ ਪਹਿਲਾ ਭੰਗ ਕੀਤਾ ਜਾ ਸਕਦਾ ਹੈ।
xiv. ਭਾਰਤ ਵਿੱਚ ਰਾਜ ਦੀ ਸਰਵਉੱਚ ਸ਼ਕਤੀ ਲੋਕਾਂ ਕੋਲ ਹੈ।
xv. ਭਾਰਤ ਵਿੱਚ ਸਰਵਜਨਕ ਬਾਲਗ ਵੋਟ ਅਧਿਕਾਰ ਦਾ ਪ੍ਰਬੰਧ ਕੀਤਾ ਗਿਆ ਹੈ।
xvi. ਭਾਰਤੀ ਲੋਕਾਂ ਦਾ ਭਵਿੱਖ ਸੁਨਹਿਰਾ ਹੈ।
xvii. ਪੇਂਡੂ ਸਥਾਨਕ ਸਵੈ-ਸ਼ਾਸਨ ਦਾ ਦੂਜਾ ਨਾਂ ਪੰਚਾਇਤੀ ਰਾਜ ਹੈ।
xviii. ਰਾਜਸਥਾਨ ਪਹਿਲਾ ਰਾਜ ਹੈ ਜਿਸ ਵਿੱਚ 2 ਅਕਤੂਬਰ, 1959 ਨੂੰ ਪੰਚਾਇਤੀ ਰਾਜ ਦੀ ਸਥਾਪਨਾ ਕੀਤੀ ਗਈ।
xix. ਗ੍ਰਾਮ ਪੰਚਾਇਤ ਦੇ ਸਭਾਪਤੀ ਨੂੰ ਸਰਪੰਚ ਕਿਹਾ ਜਾਂਦਾ ਹੈ।
xx. ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸਭ ਤੋਂ ਹੇਠਲੀ ਪੱਧਰ ਦੀ ਸੰਸਥਾ ਨਗਰ ਪੰਚਾਇਤ ਹੈ।
xxi. ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸਭ ਤੋਂ ਉੱਪਰਲੀ ਸੰਸਥਾ ਨਗਰ ਨਿਗਮ ਹੈ।
xxii. ਪੰਜਾਬ ਵਿੱਚ 13 ਨਗਰ ਨਿਗਮ ਹਨ।
xxiii. ਭਾਰਤ ਵਿੱਚ ਚੋਣ ਅਯੋਗ ਦੋ ਪ੍ਰਕਾਰ ਦੇ ਰਾਜਨੀਤਕ ਦਲਾਂ ਨੂੰ ਮਾਨਤਾ ਦਿੰਦਾ ਹੈ।
xxiv. ਭਾਰਤ ਬਹੁ-ਦਲੀ ਪ੍ਰਨਾਲ਼ੀ ਹੈ।
xxv. ਭਾਰਤ ਵਿੱਚ ਇੱਕ ਦਲ ਦੀ ਪ੍ਰਮੁੱਖਤਾ ਦਾ ਯੁੱਗ ਖਤਮ ਹੋ ਚੁੱਕਾ ਹੈ।

**155. ਖਾਲੀ ਥਾਵਾਂ ਭਰਕੇ ਕਥਨ ਮੁਕੰਮਲ ਕਰੋ-**

i. ਭਾਰਤ ਵਿੱਚ ਰਾਜਨੀਤਕ ਦਲਾਂ ਵਿੱਚ ਅੰਦਰੂਨੀ ਲੋਕਤੰਤਰ ਦੀ ਘਾਟ ਪਾਈ ਜਾਂਦੀ ਹੈ।
ii. ਚੋਣ ਆਯੋਗ ਰਾਜਨੀਤਕ ਦਲਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ।
iii. ਭਾਰਤੀ ਸੰਵਿਧਾਨ ਦੀ ਧਾਰਾ 324 ਅਧੀਨ ਚੋਣ ਆਯੋਗ ਦੀ ਵਿਵਸਥਾ ਕੀਤੀ ਗਈ ਹੈ।
iv. ਮੁੱਖ ਚੋਣ ਕਮਿਸ਼ਨਰ ਲਈ 06 ਸਾਲ ਦਾ ਕਾਰਜਕਾਲ ਨਿਸ਼ਚਿਤ ਕੀਤਾ ਗਿਆ ਹੈ।
v. ਭਾਰਤ ਵਿੱਚ ਚੋਣ ਆਯੋਗ ਮੱਤ ਸੂਚੀਆਂ ਤਿਆਰ ਕਰਦਾ ਹੈ।
vi. ਚੋਣਾਂ ਵਿੱਚ ਸਫ਼ਲ ਉਮੀਦਵਾਰ ਨੂੰ ਪ੍ਰਤੀਨਿਧ ਕਿਹਾ ਜਾਂਦਾ ਹੈ।
vii. ਜਨਤਾ ਦੀ ਆਵਾਜ਼ ਪਰਮਾਤਮਾ ਦੀ ਆਵਾਜ਼ ਕਿਹਾ ਜਾਂਦਾ ਹੈ।
viii. ਭਾਰਤ ਵਿੱਚ ਹੁਣ ਤੱਕ 17 ਲੋਕ ਸਭਾ ਦੀਆਂ ਚੋਣਾਂ ਹੋ ਚੁੱਕੀਆਂ ਹਨ।
ix. ਭਾਰਤ ਵਿੱਚ ਚੋਣ ਉਜਰਦਾਰੀਆਂ ਹਾਈਕੋਰਟ ਵਿੱਚ ਕੀਤੀਆਂ ਜਾਂਦੀਆਂ ਹਨ।
x. ਭਾਰਤੀ ਸੰਵਿਧਾਨ ਨੇ 22 ਭਾਸ਼ਾਵਾਂ ਨੂੰ ਮਾਨਤਾ ਦਿੱਤੀ ਹੈ।
xi. ਗੁੱਟ ਨਿਰਲੇਪਤਾ ਭਾਰਤ ਦੀ ਵਿਦੇਸ਼ੀ ਨੀਤੀ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ।
xii. ਪੰਚਸ਼ੀਲ ਸਿਧਾਂਤਾਂ ਨੂੰ 29 ਅਪ੍ਰੈਲ 1954 ਨੂੰ ਅਪਣਾਇਆ ਗਿਆ
xiii. ਭਾਰਤ ਸੰਯੁਕਤ ਰਾਸ਼ਟਰ ਦਾ ਮੁੱਢਲਾ ਮੈਂਬਰ ਹੈ।
xiv. ਸੁਰੱਖਿਆ ਪਰਿਸ਼ਦ ਦੇ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ।
xv. ਸੁਰੱਖਿਆ ਪਰਿਸ਼ਦ ਸੰਯੁਕਤ ਰਾਸ਼ਟਰ ਦਾ ਸਭ ਤੋਂ ਸ਼ਕਤੀਸ਼ਾਲੀ ਅੰਗ ਹੈ।
xvi. ਸੁਰੱਖਿਆ ਪਰਿਸ਼ਦ ਦੇ ਕੁੱਲ ਮੈਂਬਰਾ ਦੀ ਗਿਣਤੀ 15 ਹੈ।
xvii. ਸੰਯੁਕਤ ਰਾਸ਼ਟਰ ਦੀ ਮਹਾਂਸਭਾ ਨੂੰ ਵਿਸ਼ਵ ਦੀ ਸੰਸਦ ਵੀ ਕਿਹਾ ਜਾਂਦਾ ਹੈ।
xviii. ਸਾਰਕ ਦਾ ਪੂਰਾ ਨਾਂ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਗ ਹੈ।
xix. ਸਾਰਕ ਦੀ ਸਥਾਪਨਾ 1985 ਵਿੱਚ ਕੀਤੀ ਗਈ ਸੀ।
xx. ਸਾਰਕ ਦੇ ਕੁੱਲ 08 ਮੈਂਬਰ ਹਨ।
xxi. ਭਾਰਤ ਆਪਣੇ ਗੁਆਂਢੀ ਦੇਸ਼ਾਂ ਨਾਲ ਮਿੱਤਰਤਾਪੂਰਨ ਸੰਬੰਧ ਬਣਾਉਣਾ ਚਾਹੁੰਦਾ ਹੈ।
xxii. ਤਾਸ਼ਕੰਦ ਸਮਝੌਤੇ ਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਦੁਆਰਾ ਦਸਤਖ਼ਤ ਕੀਤੇ ਗਏ ਸਨ।

xxiii. 1971 ਦੇ ਭਾਰਤ-ਪਾਕ ਯੁੱਧ ਸਮੇਂ ਸ਼੍ਰੀਮਤੀ ਇੰਦਰਾ ਗਾਂਧੀ ਭਾਰਤ ਦੇ ਪ੍ਰਧਾਨ ਮੰਤਰੀ ਸਨ।
xxiv. ਹਰ ਸਾਲ ਮਨੁੱਖੀ ਅਧਿਕਾਰ ਦਿਵਸ 10 ਦਸੰਬਰ ਨੂੰ ਮਨਾਇਆ ਜਾਂਦਾ ਹੈ।
xxv. ਪਰਮਾਣੂ ਅਪ੍ਰਸਾਰ ਸੰਧੀ 1970 ਵਿੱਚ ਲਾਗੂ ਕੀਤੀ ਗਈ।
xxvi. ਵਿਆਪਕ ਪਰੀਖਣ ਰੋਕ ਸੰਧੀ 1996 ਵਿੱਚ ਲਾਗੂ ਕੀਤੀ ਗਈ।

## III. ਛੋਟੇ ਉੱਤਰਾਂ ਵਾਲੇ ਪ੍ਰਸ਼ਨ

156. 'ਰਾਜਨੀਤਕ' ਸ਼ਬਦ ਦਾ ਕੀ ਅਰਥ ਹੈ?

ਉੱਤਰ- ਰਾਜਨੀਤਕ ਸ਼ਬਦ ਵਿੱਚ ਸ਼ਕਤੀ, ਸੱਤਾ ਅਤੇ ਸ਼ਾਸ਼ਨ ਦਾ ਗੁਣ ਸ਼ਾਮਲ ਹੈ। ਜਿਸ ਸੰਗਠਨ ਕੋਲ ਵੀ ਇਹ ਗੁਣ ਹੈ ਉਹ ਰਾਜਨੀਤਕ ਹੋਣ ਦਾ ਦਾਅਵਾ ਕਰ ਸਕਦਾ ਹੈ।

157. 'ਪ੍ਰਨਾਲ਼ੀ' ਸ਼ਬਦ ਦਾ ਕੀ ਅਰਥ ਹੈ?

ਉੱਤਰ- ਪ੍ਰਨਾਲ਼ੀ ਇੱਕ ਅਜਿਹੀ ਇਕਾਈ ਹੈ, ਜੋ ਕਈ ਭਾਗਾਂ ਤੋਂ ਮਿਲਕੇ ਬਣਦੀ ਹੈ। ਇਹ ਭਾਗ ਇੱਕ-ਦੂਸਰੇ ਨਾਲ ਨਿਰਭਰ ਹੁੰਦੇ ਹਨ ਅਤੇ ਇੱਕ-ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। ਪ੍ਰਨਾਲ਼ੀ ਅੰਤਰ ਕਿਰਿਆਵਾਂ ਦਾ ਸਮੂਹ ਹੁੰਦੀ ਹੈ।

158. ਰਾਜਨੀਤਕ ਪ੍ਰਨਾਲ਼ੀ ਤੋਂ ਕੀ ਭਾਵ ਹੈ?

ਉੱਤਰ- ਰਾਜਨੀਤਕ ਪ੍ਰਨਾਲ਼ੀ ਆਪਸੀ ਕਿਰਿਆਵਾਂ ਦਾ ਇੱਕ ਸਮੂਹ ਹੈ, ਜਿਸ ਵਿੱਚ ਸਰੀਰਕ ਬਲ ਪ੍ਰਯੋਗ ਸ਼ਾਮਲ ਹੈ।ਇਸ ਦੇ ਦੁਆਰਾ ਲਏ ਗਏ ਨਿਰਣਿਆਂ ਪਿੱਛੇ ਕਾਨੂੰਨੀ ਸ਼ਕਤੀ ਸ਼ਾਮਲ ਹੁੰਦੀ ਹੈ। ਇਸਦਾ ਇਹੀ ਗੁਣ ਇਸਨੂੰ ਦੂਜੀਆਂ ਪ੍ਰਨਾਲ਼ੀਆਂ ਤੋਂ ਭਿੰਨ ਕਰਦਾ ਹੈ।

159. ਰਾਜਨੀਤਕ ਪ੍ਰਨਾਲ਼ੀ ਦੀਆਂ ਸੀਮਾਵਾ ਕੀ ਹਨ?

ਉੱਤਰ- ਰਾਜਨੀਤਕ ਪ੍ਰਨਾਲ਼ੀ ਦੀਆਂ ਸੀਮਾਵਾਂ ਖੇਤਰੀ ਨਹੀਂ ਹੁੰਦੀਆਂ ਸਗੋਂ ਕਾਰਜਾ ਦੀਆਂ ਹੁੰਦੀਆਂ ਹਨ।

160. ਉਦਾਰਵਾਦ ਦਾ ਕੇਂਦਰ ਬਿੰਦੂ ਕੀ ਹੈ?

ਉੱਤਰ-ਉਦਾਰਵਾਦ ਇੱਕ ਅਜਿਹੀ ਧਾਰਨਾ ਹੈ ਜਿਸਦਾ ਕੇਂਦਰ ਬਿੰਦੂ 'ਸੁਤੰਤਰ ਵਿਅਕਤੀ'ਹੈ।

161. ਉਦਾਰਵਾਦ ਦਾ ਸ਼ਬਦੀ ਅਰਥ ਦੱਸੋ।

ਉੱਤਰ-ਉਦਾਰਵਾਦ ਅੰਗਰੇਜ਼ੀ ਦੇ ਸ਼ਬਦ 'Liberalism' ਦਾ ਪੰਜਾਬੀ ਅਨੁਵਾਦ ਹੈ। ਇਸ ਸ਼ਬਦ ਦੀ ਉਤਪਤੀ ਲਾਤੀਨੀ ਸ਼ਬਦ Liberalis ਤੋਂ ਹੋਈ ਹੈ ਜਿਸ ਦਾ ਅਰਥ ਹੈ 'ਸੁਤੰਤਰ ਵਿਅਕਤੀ'।

162. 'ਲੇਜ਼ਿਜ਼ ਫੇਅਰ ' (Laissez faire) ਤੋਂ ਕੀ ਭਾਵ ਹੈ?

ਉੱਤਰ- ਲੇਜ਼ਿਜ਼ ਫੇਅਰ ਪਰੰਪਰਾਵਾਦੀ ਉਦਾਰਵਾਦ ਦਾ ਸਿਧਾਂਤ ਹੈ, ਜਿਸਦਾ ਅਰਥ ਹੈ ਵਿਅਕਤੀ ਨੂੰ ਆਰਥਿਕ ਖੇਤਰ ਵਿੱਚ ਮੁਕਤ ਰਹਿਣ ਦੇਣਾ।

163. ਪਰੰਪਰਾਵਾਦੀ ਉਦਾਰਵਾਦ ਦੇ ਦੋ ਸਮਰਥਕ ਦੱਸੋ।

ਉੱਤਰ- (i) ਜਾਨ ਲਾਕ (ii) ਰੂਸੋ

164. ਸਮਕਾਲੀ ਉਦਾਰਵਾਦ ਦੇ ਦੋ ਸਮਰਥਕਾਂ ਦੇ ਨਾਂ ਦੱਸੋ।

ਉੱਤਰ- (i) ਲਾਸਕੀ (ii) ਮੈਕਈਵਰ

165. ਕਾਰਲ ਮਾਰਕਸ ਦੀਆਂ ਦੋ ਪੁਸਤਕਾਂ ਦੱਸੋ।

ਉੱਤਰ- (i) ਸਮਾਵਾਦੀ ਘੋਸ਼ਣਾ ਪੱਤਰ
(ii) ਦਾਸ ਕੈਪੀਟਲ

166. ਕਾਰਲ ਮਾਰਕਸ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

ਉੱਤਰ- 1808 ਈ. ਵਿੱਚ ਜਰਮਨੀ ਵਿਖੇ।

167. ਵਾਧੂ ਮੁੱਲ ਤੋਂ ਕੀ ਭਾਵ ਹੈ?

ਉੱਤਰ- ਮਜਦੂਰੀ ਅਤੇ ਵਸਤੂ ਦੇ ਅਸਲ ਮੁੱਲ ਭਾਵ ਜੋ ਅਸਲ ਮੁੱਲ ਮਜ਼ਦੂਰ ਦਾ ਹਿੱਸਾ ਹੈ। ਇਸ ਹਿੱਸੇ ਨੂੰ ਵਾਧੂ ਮੁੱਲ ਕਿਹਾ ਜਾਂਦਾ ਹੈ।

168. ਮਾਰਕਸਵਾਦ ਧਰਮ ਬਾਰੇ ਵਿਚਾਰ ਦੱਸੋ।

ਉੱਤਰ- ਕਾਰਲ ਮਾਰਕਸ ਧਰਮ ਦੇ ਵਿਰੁੱਧ ਸੀ, ਉਹ ਧਰਮ ਨੂੰ ਅਫ਼ੀਮ ਮੰਨਦਾ ਸੀ।

169. ਮਾਰਕਸਵਾਦ ਦੇ ਵਿਰੁੱਧ ਦੋ ਦਲੀਲਾਂ ਦਿਓ।

ਉੱਤਰ (i) ਇਤਿਹਾਸ ਦੀ ਸਿਰਫ਼ ਆਰਥਿਕ ਵਿਆਖਿਆ ਠੀਕ ਨਹੀਂ
(ii) ਰਾਜ ਸ਼ੋਸਣ ਦਾ ਯੰਤਰ ਨਹੀਂ ਹੈ।

170. ਮਾਰਕਸਵਾਦ ਦਾ ਅੰਤਿਮ ਉਦੇਸ਼ ਕੀ ਹੈ?

ਉੱਤਰ- ਵਰਗਹੀਣ ਅਤੇ ਰਾਜਹੀਣ ਸਮਾਜ ਦੀ ਸਥਾਪਨਾ ਕਰਨਾ ਮਾਰਸਵਾਦ ਦਾ ਅੰਤਿਮ ਉਦੇਸ਼ ਹੈ।

171. ਮਹਾਤਮਾ ਗਾਂਧੀ ਜੀ ਉੱਪਰ ਕਿਹੜੀਆਂ ਦੋ ਧਾਰਮਿਕ ਪੁਸਤਕਾਂ ਦਾ ਪ੍ਰਭਾਵ ਸੀ?

ਉੱਤਰ- (i) ਭਗਵਤ ਗੀਤਾ (ii) ਬਾਈਬਲ

172. ਮਹਾਤਮਾ ਗਾਂਧੀ ਜੀ ਕਿੰਨ੍ਹਾਂ ਦੋ ਵਿਅਕਤੀਆਂ ਤੋਂ ਪ੍ਰਭਾਵਿਤ ਹੋਏ ਸਨ?

ਉੱਤਰ- (i) ਜਾਨ ਰਸਕਿਨ (ii) ਗੋਪਾਲ ਕ੍ਰਿਸ਼ਨ ਗੋਖਲੇ

173. ਮਹਾਤਮਾ ਗਾਂਧੀ ਜੀ ਨੂੰ ਰਾਸ਼ਟਰ ਪਿਤਾ ਕਿਉਂ ਕਿਹਾ ਜਾਂਦਾ ਹੈ?

ਉੱਤਰ- ਉਹਨਾਂ ਨੇ ਭਾਰਤ ਦੀ ਸੁਤੰਤਰਤਾ ਪ੍ਰਾਪਤੀ ਲਈ ਲੰਬੇ ਸਮੇਂ ਤੱਕ ਰਾਸ਼ਟਰੀ ਅੰਦੋਲਨਾਂ ਦੀ ਅਗਵਾਈ ਕੀਤੀ। ਇਸ ਕਰਕੇ ਉਹਨਾਂ ਨੂੰ ਰਾਸ਼ਟਰ ਪਿਤਾ ਕਿਹਾ ਜਾਂਦਾ ਹੈ।

174. ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਦੇ ਦੋ ਅਧਾਰ ਕੀ ਸਨ?

ਉੱਤਰ- (i) ਸੱਚ (ii) ਅਹਿੰਸਾ

175. ਮਹਾਤਮਾ ਗਾਂਧੀ ਜੀ ਅਨੁਸਾਰ ਅਹਿੰਸਾ ਕੀ ਹੈ?

ਉੱਤਰ- ਗਾਂਧੀ ਜੀ ਅਨੁਸਾਰ ਅਹਿੰਸਾ ਸਿਰਫ ਸਰੀਰਕ ਚੋਟ ਦੇਣਾ ਹੀ ਨਹੀਂ ਸਗੋਂ ਆਪਣੇ ਮਨ ਵਿੱਚ ਵਿਰੋਧੀ ਪ੍ਰਤੀ ਕੋਈ ਵੈਰ-ਵਿਰੋਧ ਰੱਖਣਾ ਵੀ ਇਸ ਵਿੱਚ ਸ਼ਾਮਿਲ ਹੈ।

176. ਸੱਤਿਆਗ੍ਰਹਿ ਤੋਂ ਕੀ ਭਾਵ ਹੈ?

ਉੱਤਰ- ਸੱਤਿਆਗ੍ਰਹਿ ਤੋਂ ਭਾਵ ਸੱਚ 'ਤੇ ਡਟੇ ਰਹਿਣਾ।

177. 'ਬਿਊਰੋਕ੍ਰੇਸੀ 'ਸ਼ਬਦ ਦਾ ਅਰਥ ਦੱਸੋ।

ਉੱਤਰ- ਬਿਊਰੋਕ੍ਰੇਸੀ ਸ਼ਬਦ ਫ੍ਰੈਂਚ ਭਾਸ਼ਾ ਦੇ ਸ਼ਬਦ ਬਿਊਰੋ ਅਤੇ ਯੂਨਾਨੀ ਭਾਸ਼ਾ ਦੇ ਸ਼ਬਦ ਕ੍ਰੇਸੀ ਤੋਂ ਲਿਆ ਗਿਆ ਹੈ। ਇਸ ਦਾ ਅਰਥ ਹੈ ਮੇਜ਼ ਤੇ ਬੈਠ ਕੇ ਕੰਮ ਕਰਨ ਵਾਲਾ ਵਰਗ।

178. ਭਰਤੀ ਦੀਆਂ ਵਿਧੀਆਂ ਲਿਖੋ।

ਉੱਤਰ-( 1) ਮਿਸ਼ਰਤ ਭਰਤੀ 2) ਸਿੱਧੀ ਭਰਤੀ

( 3) ਤਰੱਕੀ ਦੁਆਰਾ ਭਰਤੀ

179. ਸਿੱਧੀ ਭਰਤੀ ਦੇ ਦੋ ਗੁਣ ਲਿਖੋ।

ਉੱਤਰ-1) ਲੋਕਤੰਤਰੀ ਵਿਧੀ

2) ਯੋਗ ਉਮੀਦਵਾਰਾਂ ਦੀ ਚੋਣ

180. ਚੰਗੀ ਨੌਕਰਸ਼ਾਹੀ ਦੇ ਦੋ ਗੁਣ ਦੱਸੋ।

ਉੱਤਰ- 1) ਪੱਖਪਾਤ ਰਹਿਤ

2) ਕਾਰਜਕੁਸ਼ਲਤਾ

181. ਲੋਕ ਮੱਤ ਤੋਂ ਕੀ ਭਾਵ ਹੈ?

ਉੱਤਰ- ਲੋਕਾਂ ਦੇ ਕਿਸੇ ਵਿਸ਼ੇ ਤੇ ਸਾਂਝੇ ਮੱਤ ਨੂੰ ਲੋਕਮਤ ਕਿਹਾ ਜਾਂਦਾ ਹੈ।

182. ਲੋਕਮਤ ਦੀ ਕੋਈ ਇੱਕ ਪਰੀਭਾਸ਼ਾ ਲਿਖੋ. ?

ਉੱਤਰ- ਲਾਰਡ ਬ੍ਰਾਈਸ ਅਨੁਸਾਰ ," ਲੋਕਮਤ ਸਮਾਜ ਦੇ ਹਿੱਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਲੋਕਾਂ ਦੇ ਵਿਚਾਰਾਂ ਦਾ ਸੰਗ੍ਰਹਿ ਹੈ "।

183. ਲੋਕਮਤ ਦੀਆਂ ਦੋ ਵਿਸ਼ੇਸਤਾਵਾਂ ਲਿਖੋ?

ਉੱਤਰ- 1) ਆਮ ਸਹਿਮਤੀ

2) ਲੋਕ ਭਲਾਈ

184. ਲੋਕਮਤ ਨਿਰਮਾਣ ਅਤੇ ਪ੍ਰਗਟਾਵੇ ਦੇ ਦੋ ਸਾਧਨ ਲਿਖੋ।

1) ਟੈਲੀਵਿਜ਼ਨ

2)ਰੇਡੀਓ

185. ਸਿਹਤਮੰਦ ਲੋਕਮਤ ਨਿਰਮਾਣ ਲਈ ਦੋ ਜ਼ਰੂਰੀ ਸ਼ਰਤਾਂ ਦੱਸੋ।

ਉੱਤਰ- 1) ਪੜ੍ਹੇ ਲਿਖੇ ਲੋਕ

2) ਚੰਗੀ ਵਿੱਦਿਆ ਪ੍ਰਨਾਲੀ

186. ਸਿਹਤਮੰਦ ਲੋਕਮਤ ਨਿਰਮਾਣ ਦੇ ਰਸਤੇ ਵਿੱਚ ਰੁਕਾਵਟਾਂ ਦੱਸੋ।

ਉੱਤਰ- 1) ਅਨਪੜ੍ਹਤਾ

2) ਗਰੀਬੀ

187. ਰਾਜਨੀਤਕ ਦਲ ਤੋਂ ਕੀ ਭਾਵ ਹੈ?

ਉੱਤਰ- ਰਾਜਨੀਤਕ ਦਲ ਲੋਕਾਂ ਦਾ ਇੱਕ ਸੰਗਠਿਤ ਸਮੂਹ ਹੁੰਦਾ ਹੈ। ਜਿਨ੍ਹਾਂ ਦੇ ਇੱਕੋ-ਜਿਹੇ ਰਾਜਨੀਤਕ ਵਿਚਾਰ ਹੁੰਦੇ ਹਨ ਅਤੇ ਸਰਕਾਰ ਬਣਾਉਣਾ ਇਸਦਾ ਮੁੱਖ ਕਾਰਜ ਹੁੰਦਾ ਹੈ।

188. ਰਾਜਨੀਤਕ ਦਲਾਂ ਦੀਆਂ ਦੋ ਵਿਸ਼ੇਸਤਾਵਾਂ ਲਿਖੋ।

ਉੱਤਰ- 1) ਇਕੋ-ਜਿਹੇ ਰਾਜਨੀਤਕ ਵਿਚਾਰ ਵਾਲੇ ਮੈਂਬਰ

2) ਸਰਕਾਰ ਬਣਾਉਣਾ ਮੁੱਖ ਉਦੇਸ਼

189. ਰਾਜਨੀਤਕ ਦਲਾਂ ਦੇ ਨਿਰਮਾਣ ਦੇ ਕੋਈ ਦੋ ਅਧਾਰ ਲਿਖੋ।

ਉੱਤਰ- 1) ਧਾਰਮਿਕ ਅਧਾਰ 'ਤੇ

2)ਸਮਾਜਿਕ(ਜਾਤੀ) ਅਧਾਰ 'ਤੇ

190. ਰਾਜਨੀਤਕ ਦਲਾਂ ਦੇ ਦੋ ਮੁੱਖ ਕੰਮ ਦੱਸੋ।

1) ਚੋਣਾਂ ਲੜਨਾ

2)ਸਰਕਾਰ ਬਨਾਉਣਾ

191. ਇੱਕ ਦਲ ਪ੍ਰਨਾਲੀ ਵਾਲੇ ਦੋ ਦੇਸ਼ਾਂ ਦੇ ਨਾਂ ਦੱਸੋ।

ਉੱਤਰ- 1) ਚੀਨ

2)ਕਿਊਬਾ

192. ਦੋ ਦਲ ਪ੍ਰਨਾਲੀ ਵਾਲੇ ਦੋ ਦੇਸ਼ਾਂ ਦੇ ਨਾਂ ਦੱਸੋ।

ਉੱਤਰ- 1)ਇੰਗਲੈਂਡ

2)ਅਮਰੀਕਾ

193. ਬਹੁ ਦਲ ਪ੍ਰਨਾਲੀ ਵਾਲੇ ਦੋ ਦੇਸ਼ਾਂ ਦੇ ਨਾਂ ਲਿਖੋ.

ਉੱਤਰ- 1) ਭਾਰਤ

2) ਸਵਿਟਜ਼ਰਲੈਂਡ

194. ਹਿੱਤ ਸਮੂਹ ਕੀ ਹੁੰਦਾ ਹੈ?

ਉੱਤਰ- ਹਿੱਤ ਸਮੂਹ ਲੋਕਾਂ ਦਾ ਇੱਕ ਸੰਗਠਿਤ ਸਮੂਹ ਹੁੰਦਾ ਹੈ, ਜੋ ਕਿਸੇ ਉਚੇਚੇ ਹਿੱਤ ਦੀ ਪ੍ਰਾਪਤੀ ਲਈ ਇੱਕ-ਦੂਜੇ ਨਾਲ਼ ਜੁੜੇ ਹੁੰਦੇ ਹਨ।

195. ਦਬਾਅ ਸਮੂਹ ਕੀ ਹੁੰਦਾ ਹੈ?

ਉੱਤਰ- ਹਿੱਤ ਸਮੂਹ ਜਦੋਂ ਆਪਣੇ ਹਿੱਤ ਦੀ ਪ੍ਰਾਪਤੀ ਲਈ ਸਰਕਾਰ ਤੇ ਦਬਾਅ ਪਾਉਂਦਾ ਹੈ ਤਾਂ ਇਹ ਦਬਾਉ ਸਮੂਹ ਦਾ ਰੂਪ ਧਾਰਨ ਕਰ ਲੈਂਦਾ ਹੈ।

196. ਕਿਸੇ ਇੱਕ ਪੇਸ਼ਾਵਰ ਦਬਾਅ ਸਮੂਹ ਦਾ ਨਾਂ ਦੱਸੋ।

ਉੱਤਰ- ਭਾਰਤੀ ਮੈਡੀਕਲ ਸੰਘ

197. ਲਾਬਿੰਗ ਤੋਂ ਕੀ ਭਾਵ ਹੈ?

ਉੱਤਰ- ਲਾਬਿੰਗ ਦਬਾਅ ਸਮੂਹ ਦੀ ਇੱਕ ਕਾਰਜ ਵਿਧੀ ਹੈ। ਇਸ ਰਾਹੀਂ ਦਬਾਅ ਸਮੂਹ ਦੇ ਮੈਂਬਰ ਵਿਧਾਨ ਮੰਡਲ ਦੇ ਪ੍ਰਤੀਨਿਧ ਮੈਂਬਰਾਂ ਨਾਲ ਸੰਪਰਕ ਕਰਕੇ ਉਹਨਾਂ ਤੇ ਕਿਸੇ ਕਾਨੂੰਨ ਰਾਹੀਂ ਆਪਣੇ ਵਿਸ਼ੇਸ ਹਿੱਤਾਂ ਦੀ ਪ੍ਰਾਪਤੀ ਲਈ ਦਬਾਅ ਬਣਾਉਂਦੇ ਹਨ।

198. ਸੰਸਦੀ ਸਰਕਾਰ ਦੀਆਂ ਦੋ ਵਿਸ਼ੇਸਤਾਵਾਂ ਦੱਸੋ।

ਉੱਤਰ- 1) ਰਾਜ ਦਾ ਮੁਖੀ ਨਾ-ਮਾਤਰ ਕਾਰਜਪਾਲਿਕਾ

2) ਪ੍ਰਧਾਨ ਮੰਤਰੀ ਸਮੇਤ ਮੰਤਰੀ ਮੰਡਲ ਅਸਲੀ ਕਾਰਜਪਾਲਿਕਾ

199. ਭਾਰਤ ਵਿੱਚ ਸੰਸਦੀ ਪ੍ਰਨਾਲੀ ਦੇ ਔਗੁਣ ਲਿਖੋ।

ਉੱਤਰ- 1) ਸਿਹਤਮੰਦ ਪ੍ਰਥਾਵਾਂ ਦੀ ਅਣਹੋਂਦ

2) ਸੰਵਿਧਾਨ ਦੀ ਧਾਰਾ 356 ਦੀ ਦੁਰਵਰਤੋਂ

200. ਭਾਰਤੀ ਲੋਕਤੰਤਰ ਦੇ ਰਸਤੇ ਵਿੱਚ ਦੋ ਰੁਕਾਵਟਾਂ ਦੱਸੋ।

ਉੱਤਰ- 1)ਅਨਪੜ੍ਹਤਾ 2) ਗਰੀਬੀ

201. ਭਾਰਤੀ ਲੋਕਤੰਤਰ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਦੋ ਜ਼ਰੂਰੀ ਸ਼ਰਤਾਂ ਦੱਸੋ।

ਉੱਤਰ- 1) ਗਰੀਬੀ ਅਤੇ ਬੇਰੁਜ਼ਗਾਰੀ ਨੂੰ ਖ਼ਤਮ ਕੀਤਾ ਜਾਵੇ।

2)ਜਾਤੀ ਪ੍ਰਥਾ ਅਤੇ ਸੰਪ੍ਰਦਾਇਕਤਾ ਦਾ ਖਾਤਮਾ

202. ਗ੍ਰਾਮ ਪੰਚਾਇਤ ਦੀ ਚੋਣ ਕਿਸ ਚੋਣ ਵਿਧੀ ਰਾਹੀਂ ਹੁੰਦੀ ਹੈ?

ਉੱਤਰ- ਗ੍ਰਾਮ ਪੰਚਾਇਤ ਦੀ ਚੋਣ ਪ੍ਰਤੱਖ ਚੋਣ ਵਿਧੀ ਰਾਹੀਂ ਹੁੰਦੀ ਹੈ।

203. ਗ੍ਰਾਮ ਪੰਚਾਇਤ ਦੀ ਆਮਦਨ ਦੇ ਦੋ ਸਾਧਨ ਦੱਸੋ?

ਉੱਤਰ- 1) ਗ੍ਰਾਂਟ 2) ਕਰ 3) ਫ਼ੀਸਾਂ

204. ਪੇਂਡੂ ਖੇਤਰ ਦੀਆਂ ਸਥਾਨਕ ਸੰਸਥਾਵਾਂ ਦੇ ਨਾਂ ਦੱਸੋ।

ਉੱਤਰ- 1) ਗ੍ਰਾਮ ਪੰਚਾਇਤ
2) ਬਲਾਕ ਸੰਮਤੀ
3) ਜਿਲ੍ਹਾ ਪ੍ਰੀਸ਼ਦ

205. ਸ਼ਹਿਰੀ ਖੇਤਰ ਦੀਆਂ ਸਥਾਨਕ ਸੰਸਥਾਵਾਂ ਦਾ ਨਾਂ ਲਿਖੋ।

ਉੱਤਰ- 1) ਨਗਰ ਪੰਚਾਇਤ
2) ਨਗਰ ਪ੍ਰੀਸ਼ਦ
3) ਨਗਰ ਨਿਗਮ

206. ਭਾਰਤ ਦੇ ਦੋ ਰਾਸ਼ਟਰੀ ਰਾਜਨੀਤਕ ਦਲਾਂ ਦੇ ਨਾਂ ਦੱਸੋ।

ਉੱਤਰ- 1) ਭਾਰਤੀ ਰਾਸ਼ਟਰੀ ਕਾਂਗਰਸ
2) ਭਾਰਤੀ ਜਨਤਾ ਪਾਰਟੀ

207. ਭਾਰਤੀ ਦਲ ਪ੍ਰਨਾਲੀ ਦੀਆਂ ਦੋ ਸਮੱਸਿਆਵਾਂ ਦੱਸੋ।

ਉੱਤਰ- 1) ਵਚਨਬੱਧਤਾ ਦੀ ਕਮੀ
2) ਰਾਜਨੀਤਕ ਦਲਾਂ ਦਾ ਜਾਤੀ ਸਰੂਪ

208. ਸਰਵਜਨਕ ਬਾਲਗ ਮਤ ਅਧਿਕਾਰ ਤੋਂ ਕੀ ਭਾਵ ਹੈ?

ਉੱਤਰ- ਭਾਰਤੀ ਸੰਵਿਧਾਨ ਦੀ ਧਾਰਾ 326 ਅਧੀਨ ਸਰਵਜਨਕ ਬਾਲਗ ਮਤ ਅਧਿਕਾਰ ਦਾ ਉਪਬੰਧ ਕੀਤਾ ਗਿਆ ਹੈ। ਇਸ ਅਨੁਸਾਰ ਹਰੇਕ ਭਾਰਤੀ ਨਾਗਰਿਕ ਜਿਸਦੀ ਉਮਰ 18 ਸਾਲ ਜਾਂ ਇਸ ਤੋਂ ਉੱਪਰ ਹੈ, ਨੂੰ ਬਿਨਾਂ ਕਿਸੇ ਭੇਦ-ਭਾਵ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੈ।

209. ਭਾਰਤ ਵਿੱਚ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਕਿਸ ਚੋਣ ਵਿਧੀ ਰਾਹੀਂ ਕਾਰਵਾਈਆਂ ਜਾਂਦੀਆਂ ਹਨ?

ਉੱਤਰ- ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਪ੍ਰਤੱਖ ਵਿਧੀ ਰਾਹੀਂ ਕਰਵਾਈਆਂ ਜਾਂਦੀਆਂ ਹਨ।

210. ਪ੍ਰਤੱਖ ਚੋਣ ਵਿਧੀ ਤੋਂ ਕੀ ਭਾਵ ਹੈ?

ਉੱਤਰ- ਇਸ ਵਿਧੀ ਰਾਹੀਂ ਵੋਟਰ ਸਿੱਧੇ ਰੂਪ ਵਿੱਚ ਵੋਟ ਪਾ ਕੇ ਆਪਣਾ ਪ੍ਰਤੀਨਿਧ ਚੁਣਦੇ ਹਨ। ਉਦਾਹਰਣ ਲੋਕ ਸਭਾ ਦੀ ਚੋਣ।

211. ਅਪ੍ਰਤੱਖ ਚੋਣ ਪ੍ਰਨਾਲੀ ਤੋਂ ਕੀ ਭਾਵ ਹੈ?

ਉੱਤਰ- ਅਪ੍ਰਤੱਖ ਚੋਣ ਪ੍ਰਨਾਲੀ ਅਧਿਨ ਪ੍ਰਤੀਨਿਧਾਂ ਦੀ ਚੋਣ ਅਸਿੱਧੇ ਰੂਪ ਵਿੱਚ ਚੁਣੇ ਹੋਈ ਪ੍ਰਤੀਨਿਧਾਂ ਦੁਆਰਾ ਕੀਤੀ ਜਾਂਦੀ ਹੈ। ਉਦਾਹਰਣ – ਰਾਜ ਸਭਾ ਦੀ ਚੋਣ

212. ਗੁਪਤ ਮਤਦਾਨ ਤੋਂ ਕੀ ਭਾਵ ਹੈ?

ਉੱਤਰ- ਗੁਪਤ ਮਤਦਾਨ ਤੋਂ ਭਾਵ ਹੈ ਕਿ ਵੋਟ ਪਾਉਣ ਵਾਲੇ ਇਲਾਵਾ ਕਿਸੇ ਹੋਰ ਨੂੰ ਇਹ ਪਤਾ ਨਹੀਂ ਹੁੰਦਾ ਕਿ ਵੋਟਰ ਨੇ ਵੋਟ ਕਿਸਨੂੰ ਪਾਈ ਹੈ।

213. ਸੰਯੁਕਤ ਚੋਣ ਪ੍ਰਨਾਲੀ ਤੋਂ ਕੀ ਭਾਵ ਹੈ?

ਉੱਤਰ- ਸੰਯੁਕਤ ਚੋਣ ਪ੍ਰਨਾਲੀ ਤੋਂ ਭਾਵ ਹੈ ਕਿ ਇੱਕ ਚੋਣ ਹਲਕੇ ਦੇ ਸਾਰੇ ਟੋਟਰਾਂ ਦੇ ਨਾਮ ਬਿਨਾ ਕਿਸੇ ਭੇਦ-ਭਾਵ ਦੇ ਇੱਕ ਹੀ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ ਗਏ ਹੋਣ।

214. ਰਾਜਨੀਤਕ ਜਨ ਸਹਿਭਾਗਤਾ ਤੋਂ ਕੀ ਭਾਵ ਹੈ?

ਉੱਤਰ- ਜਨੀਤਕ ਜਨ ਸਹਿਭਾਗਤਾ ਤੋਂ ਭਾਵ ਲੋਕਾਂ ਦੀ ਰਾਜਨੀਤਕ ਕਾਰਜਾਂ ਵਿੱਚ ਹਿੱਸੇਦਾਰੀ/ਭਾਗੀਦਾਰੀ ਤੋਂ ਹੈ।

215. ਭਾਰਤ ਵਿੱਚ ਚੋਣ ਆਯੋਗ ਕਿੰਨੇ ਮੈਂਬਰੀ ਹੈ?

ਉੱਤਰ- ਭਾਰਤ ਵਿੱਚ ਚੋਣ ਆਯੋਗ 03 ਮੈਂਬਰੀ ਹੈ। ਇੱਕ ਮੁੱਖ ਚੋਣ ਕਮਿਸ਼ਨਰ ਅਤੇ 02 ਹੋਰ ਚੋਣ ਕਮਿਸ਼ਨਰ ਹੁੰਦੇ ਹਨ।

216. ਭਾਰਤ ਵਿੱਚ ਚੋਣ ਆਯੋਗ ਦੇ ਮੈਂਬਰਾਂ ਦਾ ਕਾਰਜਕਾਲ ਕਿੰਨਾ ਹੁੰਦਾ ਹੈ।

ਉੱਤਰ- 06 ਸਾਲ ਜਾਂ 65 ਸਾਲ ਦੀ ਉਮਰ ਹੋਣ ਤੱਕ (ਜੋ ਵੀ ਪਹਿਲਾਂ ਹੋਵੇ)

217. ਚੋਣ ਕਮਿਸ਼ਨ ਦੇ ਕੋਈ ਦੋ ਕੰਮ ਲਿਖੋ।

ਉੱਤਰ- 1) ਮਤਦਾਤਾ ਸੂਚੀਆਂ ਤਿਆਰ ਕਰਨਾ
2) ਚੋਣਾਂ ਦਾ ਪ੍ਰਬੰਧ ਕਰਨਾ

218. ਚੋਣ ਮੈਨੀਫੈਸਟੋ ਤੋਂ ਕੀ ਭਾਵ ਹੈ?

ਉੱਤਰ- ਚੋਣਾਂ ਸਮੇਂ ਰਾਜਨੀਤਕ ਦਲਾਂ ਦੁਆਰਾ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਲਿਖਤੀ ਰੂਪ ਵਿੱਚ ਇੱਕ ਪੈਂਫਲੇਟ ਰਾਹੀਂ ਜਾਰੀ ਕਰਨਾ।

219. ਰਾਸ਼ਟਰੀ ਏਕੀਕਰਨ ਤੋਂ ਕੀ ਭਾਵ ਹੈ?

ਉੱਤਰ- ਰਾਸ਼ਟਰੀ ਏਕੀਕਰਨ ਤੋਂ ਭਾਵ ਹੈ, ਕਿਸੇ ਦੇਸ਼ ਦੇ ਵੱਖ-ਵੱਖ ਧਰਮਾਂ,ਜਾਤਾਂ,ਸਭਿਆਚਾਰਾਂ ਦੇ ਨਾਗਰਿਕਾਂ ਵਿੱਚ ਇੱਕ ਹੀ ਰਾਸ਼ਟਰ ਨਾਲ ਸਬੰਧਤ ਹੋਣ ਦੀ ਭਾਵਨਾ ਦਾ ਵਿਕਾਸ ਕਰਨਾ।

220. ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਦੋ ਰੁਕਾਵਟਾਂ ਦੱਸੋ।

ਉੱਤਰ- 1) ਜਾਤੀਵਾਦ

2)ਭਾਸ਼ਾਵਾਦ

221. ਵਿਦੇਸ਼ ਨੀਤੀ ਤੋਂ ਕੀ ਭਾਵ ਹੈ ?

ਉੱਤਰ- ਕਿਸੇ ਦੇਸ/ਰਾਜ ਦੁਆਰਾ ਹੋਰ ਦੇਸ਼ਾ ਨਾਲ ਸੰਬੰਧ ਸਥਾਪਿਤ ਕਰਨ ਲਈ ਜਿਹੜੀ ਨੀਤੀ ਅਪਣਾਈ ਜਾਂਦੀ ਹੈ, ਉਸਨੂੰ ਵਿਦੇਸ਼ ਨੀਤੀ ਕਿਹਾ ਜਾਂਦਾ ਹੈ।

222. ਭਾਰਤੀ ਵਿਦੇਸ਼ ਨੀਤੀ ਨੂੰ ਨਿਰਧਾਰਤ ਕਰਨ ਵਾਲੇ ਦੋ ਤੱਤ ਦੱਸੋ।

ਉੱਤਰ- 1) ਰਾਸ਼ਟਰੀ ਹਿੱਤ

2) ਭੂਗੋਲਿਕ ਸਥਿਤੀ

223. ਭਾਰਤੀ ਵਿਦੇਸ਼ ਨੀਤੀ ਦੇ ਕੋਈ ਦੋ ਮੂਲ ਸਿਧਾਂਤ ਲਿਖੋ।

ਉੱਤਰ- 1) ਗੁੱਟ ਨਿਰਲੇਪਤਾ

2) ਵਿਸ਼ਵ ਸ਼ਾਂਤੀ

224. ਭਾਰਤ ਦਾ ਨਿਸ਼ਸਤਰੀਕਰਨ ਪ੍ਰਤੀ ਕੀ ਰਵੱਈਆ ਹੈ।

ਉੱਤਰ-ਭਾਰਤ ਨਿਸ਼ਸਤਰੀਕਰਨ ਦਾ ਸਮਰਥਕ ਹੈ।

225. ਸੰਯੁਕਤ ਰਾਸ਼ਟਰ ਦੇ ਕੋਈ ਦੋ ਅੰਗ ਦੱਸੋ।

ਉੱਤਰ- 1) ਮਹਾਂਸਭਾ

2)ਸੁਰੱਖਿਆ ਪ੍ਰੀਸ਼ਦ

226. ਸਾਰਕ ਦਾ ਪੂਰਾ ਨਾਂ ਦੱਸੋ।

ਉੱਤਰ- ਦੱਖਣੀ ਏਸ਼ਿਆਈ ਖੇਤਰੀ ਸਹਿਯੋਗ ਸੰਘ

227. ਸਾਰਕ ਦੇ ਮੈਂਬਰ ਦੇਸ਼ਾਂ ਦੇ ਨਾਂ ਦੱਸੋ।

ਉੱਤਰ- ਭਾਰਤ,ਪਾਕਿਸਤਾਨ,ਸ੍ਰੀ ਲੰਕਾ, ਨੇਪਾਲ, ਭੂਟਾਨ,ਮਾਲਦੀਵ,ਬੰਗਲਾਦੇਸ਼ ਤੇ ਅਫ਼ਗਾਨਿਸਤਾਨ।

228. ਭਾਰਤ-ਪਾਕਿਸਤਾਨ ਸੰਬੰਧਾਂ ਦਾ ਭਵਿੱਖ ਕੀ ਹੈ?

ਉੱਤਰ- ਭਾਰਤ-ਪਾਕਿਸਤਾਨ ਸੰਬੰਧਾਂ ਦਾ ਭਵਿੱਖ ਉੱਜਲਾ ਹੈ।

229. ਸ਼ਿਮਲਾ ਸਮਝੌਤਾ ਕਦੋਂ ਤੇ ਕਿਹੜੇ ਦੇਸ਼ਾ ਵਿਚਾਲੇ ਹੋਇਆ?

ਉੱਤਰ- 2 ਜੁਲਾਈ 1972 ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ।

230. ਭਾਰਤ-ਅਮਰੀਕਾ ਪ੍ਰਮਾਣੂ ਸਮਝੌਤਾ ਕਦੋਂ ਹੋਇਆ ਸੀ?

ਉੱਤਰ- ਮਾਰਚ 2006 ਵਿੱਚ

231. ਭਾਰਤ-ਰੂਸ 'ਮਿੱਤਰਤਾ ਸੰਧੀ' ਕਦੋਂ ਹੋਈ ਸੀ?

ਉੱਤਰ- 1993 ਵਿੱਚ

232. ਸੀ.ਈ.ਬੀ.ਟੀ. ਦਾ ਪੂਰਾ ਨਾਂ ਦੱਸੋ।

ਉੱਤਰ- ਵਿਆਪਕ ਪ੍ਰਮਾਣੂ ਪਰੀਖਣ ਰੋਕ ਸੰਧੀ

233. ਐੱਨ.ਪੀ.ਟੀ. (NPT) ਦਾ ਪੂਰਾ ਨਾਂ ਦੱਸੋ।

ਉੱਤਰ- ਪ੍ਰਮਾਣੂ ਅਪ੍ਰਸਾਰ ਸੰਧੀ।

234. ਵਿਸ਼ਵ ਵਪਾਰ ਸੰਗਠਨ ਕਦੋਂ ਹੋਂਦ ਵਿੱਚ ਆਇਆ ਸੀ?

ਉੱਤਰ- 1 ਜਨਵਰੀ, 1995 ਨੂੰ

235. ਨਿਸ਼ਸਤਰੀਕਰਨ ਤੋਂ ਕੀ ਭਾਵ ਹੈ?

ਉੱਤਰ- ਹਥਿਆਰਾਂ ਦੀ ਦੌੜ ਨੂੰ ਰੋਕਣਾ/ ਸਮਾਪਤ ਕਰਨਾ

236. Nuclear Non-Proliferation Treaty-NPT ਕਦੋਂ ਹੋਈ ਸੀ?

ਉੱਤਰ- 1968 ਈ ਵਿੱਚ


237. Comprehensive Test Ban Treaty-(CTBT)ਕਦੋਂ ਹੋਈ ਸੀ?

ਉੱਤਰ- 1970 ਈ ਵਿੱਚ

## IV ਵੱਡੇ ਉੱਤਰਾਂ ਵਾਲੇ ਪ੍ਰਸ਼ਨ

238. ਫੀਡ ਬੈਕ ਲੂਪ ਵਿਵਸਥਾ ਤੋਂ ਕੀ ਭਾਵ ਹੈ?

ਉੱਤਰ- ਹਰੇਕ ਰਾਜਨੀਤਕ ਪ੍ਰਨਾਲ਼ੀ ਨਿਵੇਸ਼ਾਂ ਨੂੰ ਨਿਕਾਸਾਂ ਵਿੱਚ ਬਦਲਣ ਦੀ ਪ੍ਰਕ੍ਰਿਆ ਹੁੰਦੀ ਹੈ। ਇਸੇ ਤਰ੍ਹਾਂ ਹਰੇਕ ਰਾਜਨੀਤਕ ਪ੍ਰਨਾਲ਼ੀ ਵਿੱਚ ਨਕਾਰਾਤਮਕ ਤੇ ਸਕਾਰਾਤਮਕ ਸੂਚਨਾਵਾਂ ਦੇਣ ਦੀ ਵਿਵਸਥਾ ਵੀ ਹੁੰਦੀ ਹੈ ਇਸੇ ਨੂੰ ਫੀਡ ਬੈਕ ਲੂਪ ਵਿਵਸਥਾ ਕਿਹਾ ਜਾਂਦਾ ਹੈ। ਇਹ ਪ੍ਰਕ੍ਰਿਆ ਨਿਰੰਤਰ ਲਦੀ ਰਹਿੰਦੀ ਹੈ।




239. ਰਾਜ ਅਤੇ ਰਾਜਨੀਤਕ ਪ੍ਰਨਾਲ਼ੀ ਵਿੱਚ ਚਾਰ ਅੰਤਰ ਦੱਸੋ।

ਉੱਤਰ-

| ਰਾਜ | ਰਾਜਨੀਤਕ ਪ੍ਰਨਾਲ਼ੀ |
|---|---|
| 1. ਰਾਜ ਚਾਰ ਤੱਤਾਂ – ਭੂਮੀ,ਜਨਸੰਖਿਆ,ਸਰਕਾਰ ਅਤੇ ਪ੍ਰਭੂਸਤਾ ਨੂੰ ਮਿਲਕੇ ਬਣਦਾ ਹੈ।<br>2. ਰਾਜ ਦੀਆਂ ਸੀਮਾਵਾਂ ਖੇਤਰੀ ਹੁੰਦੀਆਂ ਹਨ।<br>3. ਰਾਜ ਸਥਾਈ ਹੁੰਦਾ ਹੈ।<br>4. ਰਾਜ ਕੋਲ ਪ੍ਰਭੂਸੱਤਾ ਹੁੰਦੀ ਹੈ। ਇਹ ਸ਼ਕਤੀ ਹੀ ਰਾਜ ਨੂੰ ਬਾਕੀ ਅਧੀਨ ਸੰਸਥਾਵਾਂ ਤੋਂ ਉੱਪਰ ਕਰਦੀ ਹੈ। | 1. ਰਾਜਨੀਤਕ ਪ੍ਰਨਾਲ਼ੀ ਰਾਜਨੀਤਕ ਢਾਂਚਿਆਂ,ਰਾਜਨੀਤਕ ਵਿਵਹਾਰ, ਰਾਜਨੀਤਕ ਉਦੇਸ਼ਾਂ ਤੋਂ ਬਣਦੀ ਹੈ।<br>2. ਰਾਜਨੀਤਕ ਪ੍ਰਨਾਲ਼ੀ ਦੀਆਂ ਸੀਮਾਵਾਂ ਕਾਰਜਾਂ ਦੁਆਰਾ ਨਿਰਧਾਰਤ ਹੁੰਦੀਆਂ ਹਨ।<br>3. ਰਾਜਨੀਤਕ ਪ੍ਰਨਾਲ਼ੀ ਪਰਿਵਰਤਨਸ਼ੀਲ ਹੁੰਦੀ ਹੈ।<br>4. ਰਾਜਨੀਤਕ ਪ੍ਰਨਾਲ਼ੀ ਕੋਲ ਪ੍ਰਭੂਸੱਤਾ ਨਹੀਂ ਹੁੰਦੀ ਹੈ। |

240. ਪਰੰਪਰਾਵਾਦੀ ਉਦਾਰਵਾਦ ਅਤੇ ਸਮਕਾਲੀ ਉਦਾਰਵਾਦ ਵਿੱਚ ਚਾਰ ਅੰਤਰ ਦੱਸੋ।

ਉੱਤਰ-

| ਪਰੰਪਰਾਵਾਦੀ ਉਦਾਰਵਾਦ | ਸਮਕਾਲੀ ਉਦਾਰਵਾਦ |
|---|---|
| 1. ਪਰੰਪਰਾਵਾਦੀ ਉਦਾਰਵਾਦ ਰਾਜ ਨੂੰ ਇੱਕ ਬਣਾਉਟੀ ਸੰਸਥਾ ਮੰਨਦਾ ਹੈ।<br>2. ਪਰੰਪਰਾਵਾਦੀ ਉਦਾਰਵਾਦ ਆਰਥਿਕ ਖੇਤਰ ਵਿੱਚ ਰਾਜ ਦੇ ਦਖਲ ਨਾ ਦੇਣ ਦੀ ਨੀਤੀ ਦਾ ਸਮਰਥਨ ਕਰਦਾ ਹੈ।<br>3. ਪਰੰਪਰਾਵਾਦੀ ਉਦਾਰਵਾਦ ਵਿਅਕਤੀਗਤ ਹਿੱਤਾਂ ਨੂੰ ਪਹਿਲ ਦਿੰਦੇ ਹਨ।<br>4. ਪਰੰਪਰਾਵਾਦੀ ਉਦਾਰਵਾਦ ਕੁਦਰਤੀ ਅਧਿਕਾਰਾਂ ਦਾ ਸਮਰਥਨ ਕਰਦੇ ਹਨ। | 1. ਸਮਕਾਲੀ ਉਦਾਰਵਾਦ ਰਾਜ ਨੂੰ ਇੱਕ ਸਮਾਜਿਕ ਸੰਸਥਾ ਮੰਨਦਾ ਹੈ।<br>2. ਸਮਕਾਲੀ ਉਦਾਰਵਾਦ ਆਰਥਿਕ ਖੇਤਰ ਵਿੱਚ ਰਾਜ ਦੇ ਦਖਲ ਨਾ ਦੇਣ ਦੀ ਨੀਤੀ ਦਾ ਵਿਰੋਧ ਕਰਦਾ ਹੈ।<br>3. ਸਮਕਾਲੀ ਉਦਾਰਵਾਦ ਸਮਾਜਿਕ ਹਿੱਤਾਂ ਨੂੰ ਪਹਿਲ ਦਿੰਦੇ ਹਨ।<br>4. ਸਮਕਾਲੀ ਉਦਾਰਵਾਦ ਕੁਦਰਤੀ ਅਧਿਕਾਰਾਂ ਦੇ ਸਿਧਾਂਤ ਦਾ ਵਿਰੋਧ ਕਰਦਾ ਹੈ। |

241. ਦਵੰਦਾਤਮਕ ਭੌਤਿਕਵਾਦ ਤੋਂ ਕੀ ਭਾਵ ਹੈ?

ਉੱਤਰ- ਦਵੰਦਾਤਮਕ ਭੌਤਿਕਵਾਦ ਸਮਾਜ ਦੇ ਵਿਕਾਸ ਦੀ ਵਿਆਖਿਆ ਕਰਦਾ ਹੈ। ਕਾਰਲ ਮਾਰਕਸ ਅਨੁਸਾਰ ਸਮਾਜ ਦਾ ਵਿਕਾਸ ਸਿੱਧੇ ਰੂਪ ਵਿੱਚ ਨਾ ਹੋ ਕੇ ਟੇਡੇ-ਮੇਢੇ ਰੂਪ ਵਿੱਚ ਹੁੰਦਾ ਹੈ।

ਕਾਰਲ ਮਾਰਸ ਅਨੁਸਾਰ ਇਹ ਵਿਕਾਸ ਆਪਸੀ ਵਿਰੋਧਾਂ ਦੇ ਸਹਾਰੇ ਹੁੰਦੀ ਹੈ। ਇਸਦੇ ਤਿੰਨ ਪੜਾਅਵਾਦ (Thesis), ਪ੍ਰਤੀਵਾਦ (Anti-thesis), ਸੰਵਾਦ(Synthesis) ਹਨ।

242. ਮਾਰਕਸ ਦੇ ਰਾਜ ਸੰਬੰਧੀ ਵਿਚਾਰ ਦੱਸੋ।

ਉੱਤਰ- ਕਾਰਲ ਮਾਰਕਸ ਅਨੁਸਾਰ ਰਾਜ ਇੱਕ ਵਰਗ ਸੰਗਠਤ ਹੈ। ਇਹ ਅਮੀਰਾਂ ਦੇ ਹੱਥਾਂ ਵਿੱਚ ਗਰੀਬਾਂ ਤੇ ਸ਼ੋਸ਼ਣ ਕਰਨ ਲਈ ਇੱਕ ਹਥਿਆਰ ਹੈ। ਇਸਦਾ ਉਦੇਸ਼ ਸਾਰੇ ਲੋਕਾਂ ਦੀ ਭਲਾਈ ਨਹੀਂ, ਸਗੋਂ ਵਿਸ਼ੇਸ਼ ਵਰਗ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਹੈ।

243. ਮਾਰਕਸਵਾਦ ਦੀ ਅਲੋਚਨਾ ਦੇ ਚਾਰ ਅਧਾਰ ਦੱਸੋ।

ਉੱਤਰ-

1. ਇਤਿਹਾਸ ਦੀ ਸਿਰਫ਼ ਆਰਥਿਕ ਵਿਆਖਿਆ ਕਰਨਾ ਠੀਕ ਨਹੀਂ ਹੈ।
2. ਵਾਧੂ ਮੁੱਲ ਦਾ ਸਿਧਾਂਤ ਗਲਤ ਹੈ, ਕਿਉਂਕਿ ਇਸ ਵਿੱਚ ਸਿਰਫ ਮਜਦੂਰਾਂ ਦਾ ਪੱਖ ਲਿਆ ਗਿਆ ਹੈ ਜਦਕਿ ਉਤਪਾਦਨ ਵਿੱਚ ਕਈ ਹੋਰ ਤੱਤ ਵੀ ਆਪਣਾ ਯੋਗਦਾਨ ਦਿੰਦੇ ਹਨ।
3. ਵਰਗ-ਸੰਘਰਸ਼ ਦਾ ਸਿਧਾਂਤ ਗੈਰ ਇਤਿਹਾਸਕ ਹੈ।
4. ਇਹ ਸਿਧਾਂਤ ਸਿਰਫ ਮਜ਼ਦੂਰਾਂ ਪੱਖੀ ਹੈ, ਉਤਪਾਦਨ ਵਿੱਚ ਮਜ਼ਦੂਰਾਂ ਤੋਂ ਇਲਾਵਾ ਭੂਮੀ, ਪੂੰਜੀ ਦਾ ਯੋਗਦਾਨ ਵੀ ਹੁੰਦਾ ਹੈ।

244. ਸੱਤਿਆਗ੍ਰਿਹ ਤੋਂ ਕੀ ਭਾਵ ਹੈ? ਇਸ ਦੀਆਂ ਤਿੰਨ ਵਿਧੀਆਂ ਦੱਸੋ।

ਉੱਤਰ- ਮਹਾਤਮਾ ਗਾਂਧੀ ਜੀ ਨੇ ਬੁਰਾਈ ਦਾ ਸਾਹਮਣਾ ਕਰਨ ਲਈ ਸੱਤਿਆਗ੍ਰਹਿ ਦਾ ਰਸਤਾ ਅਪਣਾਇਆ। ਸੱਤਿਆਗ੍ਰਹਿ ਤੋਂ ਭਾਵ ਸੱਚ ਤੇ ਡਟੇ ਰਹਿਣਾ। ਇਸਦੀਆਂ ਵਿਧੀਆਂ ਨਿਮਨ ਅਨੁਸਾਰ ਹਨ-

1. ਹੜਤਾਲ- ਮਹਾਤਮਾ ਗਾਂਧੀ ਜੀ ਅਨੁਸਾਰ ਹੜਤਾਲ ਦਾ ਮੰਤਵ ਕਿਸੇ ਸਾਂਝੇ ਜਾਂ ਸਰਵਜਨਕ ਮਾਮਲੇ ਤੇ ਜਨਤਾ ਅਤੇ ਸਰਕਾਰ ਦਾ ਧਿਆਨ ਆਪਣੇ ਵੱਲ ਖਿਚਣਾ ਅਤੇ ਇਸ ਲਈ ਕੰਮ ਬੰਦ ਕਰਨਾ।
2. ਹਿਜਰਤ-ਅਨਿਆਂ ਅਤੇ ਅੱਤਿਆਚਾਰ ਤੋਂ ਬਚਣ ਲਈ ਆਪਣੇ ਨਿਵਾਸ ਸਥਾਨ ਨੂੰ ਛੱਡਕੇ ਦੂਸਰੀ ਜਗ੍ਹਾਂ ਚਲੇ ਜਾਣਾ।
3. ਧਰਨਾ ਦੇਣਾ- ਅੱਤਿਆਚਾਰ ਅਤੇ ਅਨਿਆਂ ਦੇ ਵਿਰੁੱਧ ਧਰਨਾ ਦੇਣਾ ਵੀ ਸੱਤਿਆਗ੍ਰਹਿ ਦੀ ਇੱਕ ਵਿਧੀ ਹੈ।

245. ਮਹਾਤਮਾ ਗਾਂਧੀ ਜੀ ਦੇ ਆਦਰਸ਼ ਰਾਜ 'ਤੇ ਨੋਟ ਲਿਖੋ।

ਉੱਤਰ- ਮਹਾਤਮਾ ਗਾਂਧੀ ਜੀ ਦੇ ਆਦਰਸ਼ ਰਾਜ ਵਿੱਚ ਰਾਜ ਵਿਅਕਤੀਆਂ ਦੇ ਨਿੱਜੀ ਕੰਮਾਂ ਵਿੱਚ ਦਖਲ-ਅੰਦਾਜ਼ੀ ਨਹੀਂ ਕਰੇਗਾ। ਅਜਿਹੇ ਰਾਜ ਵਿੱਚ ਲੋਕਾਂ ਨੂੰ ਨਿਆਂ ਅਦਾਲਤਾਂ ਦੁਆਰਾ ਨਹੀਂ ਸਗੋਂ ਪੰਚਾਇਤਾਂ ਦੁਆਰਾ ਪ੍ਰਾਪਤ ਹੋਵੇਗਾ। ਉਹਨਾਂ ਦਾ ਆਦਰਸ਼ ਰਾਜ ਧਰਮ-ਨਿਰਪੱਖ ਰਾਜ ਹੋਵੇਗਾ। ਇਸ ਵਿੱਚ ਸ਼ਕਤੀਆਂ ਦਾ ਵਿਕੇਂਦਰੀਕਰਨ ਹੋਵੇਗਾ। ਵਧੇਰੇ ਸ਼ਕਤੀਆਂ ਪਿੰਡਾਂ ਦੀਆਂ ਪੰਚਾਇਤਾਂ ਕੋਲ ਹੋਣਗੀਆਂ। ਮਹਾਤਮਾ ਗਾਂਧੀ ਜੀ ਦਾ ਇਹ ਰਾਜ, ਸੇਵਾ ਰਾਜ ਹੋਵੇਗਾ।

246. ਨੌਕਰਸ਼ਾਹੀ ਦਾ ਸ਼ਬਦੀ ਅਰਥ ਦੱਸੋ।

ਉੱਤਰ- ਨੌਕਰਸ਼ਾਹੀ ਸ਼ਬਦ ਅੰਗਰੇਜੀ ਸ਼ਬਦ 'ਬਿਯੂਰੋਕ੍ਰੇਸੀ' (Bureaucracy) ਸ਼ਬਦ ਦਾ ਪੰਜਾਬੀ ਅਨੁਵਾਦ ਹੈ। ਬਿਯੂਰੋਕ੍ਰੇਸੀ ਸ਼ਬਦ ਫ਼੍ਰੈਂਚ ਭਾਸ਼ਾ ਦੇ ਸ਼ਬਦ ਬਿਊਰੋ (Bureau) ਅਤੇ ਯੂਨਾਨੀ ਭਾਸ਼ਾ ਦੇ ਸ਼ਬਦ (Cracy) ਸ਼ਬਦ ਨੂੰ ਮਿਲਾ ਕੇ ਬਣਿਆ ਹੈ। ਫ਼੍ਰੈਂਚ ਭਾਸ਼ਾ ਦੇ ਸ਼ਬਦ 'ਬਿਊਰੋ' ਦਾ ਅਰਥ ਲਿਖਣ ਵਾਲਾ ਮੇਜ਼ ਅਤੇ 'ਕਰੇਸੀ' ਦਾ ਅਰਥ ਸ਼ਾਸਨ ਹੈ। ਇਸ ਤਰ੍ਹਾਂ 'ਬਿਊਰੋਕਰੇਸੀ' ਦਾ ਅਰਥ ਮੇਜ ਤੇ ਬੈਠਕੇ ਕੰਮ ਕਰਨ ਵਾਲਿਆਂ ਦਾ ਸ਼ਾਸਨ ਮੰਨਿਆਂ ਜਾਂਦਾ ਹੈ।

247. ਨੌਕਰਸ਼ਾਹੀ ਨੂੰ ਰਾਜ ਪ੍ਰਸ਼ਾਸਨ ਦੀ 'ਰੀੜ੍ਹ ਦੀ ਹੱਡੀ' ਕਿਉਂ ਕਿਹਾ ਜਾਂਦਾ ਹੈ?

ਉੱਤਰ- ਅਜੋਕੇ ਸਮੇਂ ਵਿੱਚ ਜੇਕਰ ਨੌਕਰਸ਼ਾਹੀ ਨੂੰ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਅੱਜ ਦੇ ਸਮੇਂ ਵਿੱਚ ਪ੍ਰਸ਼ਾਸਨਿਕ ਕੰਮ ਇੰਨੇ ਗੁੰਝਲਦਾਰ ਹਨ ਕਿ ਇਹਨਾਂ ਨੂੰ ਸਿਰਫ਼ ਨੌਕਰਸ਼ਾਹੀ ਦੇ ਮਾਹਿਰ ਕਰ ਸਕਦੇ ਹਨ। ਨੌਕਰਸ਼ਾਹੀ ਦੇ ਮੈਂਬਰ ਸਰਕਾਰ ਨੂੰ ਨੀਤੀ ਨਿਰਮਾਣ,ਨੀਤੀ ਲਾਗੂ ਕਰਨ ਵਿੱਚ, ਨੀਤੀਆਂ ਵਿੱਚ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਵੀ ਦਿੰਦੇ ਹਨ।

248. ਰਾਜਨੀਤਕ ਕਾਰਜਪਾਲਿਕਾ ਅਤੇ ਸਥਾਈ ਕਾਰਜਪਾਲਿਕਾ ਵਿੱਚ ਅੰਤਰ ਦੱਸੋ।

ਉੱਤਰ-

1) ਰਾਜਨੀਤਕ ਕਾਰਜਪਾਲਿਕਾ ਦਾ ਕਾਰਜਕਾਲ ਅਨਿਸਚਤ ਹੁੰਦਾ ਹੈ ਜਦਕਿ ਸਥਾਈ ਕਾਰਜਪਾਲਿਕਾ ਦਾ ਕਾਰਜਕਾਲ ਨਿਸਚਤ ਹੁੰਦਾ ਹੈ।
2) ਰਾਜਨੀਤਕ ਕਾਰਜਪਾਲਿਕਾ ਅਨਾੜੀ ਹੁੰਦੀ ਹੈ, ਜਦਕਿ ਸਥਾਈ ਕਾਰਜਪਾਲਿਕਾ ਨਿਪੁੰਨ ਅਤੇ ਮਾਹਿਰ ਹੁੰਦੀ ਹੈ।
3) ਰਾਜਨੀਤਕ ਕਾਰਜਪਾਲਿਕਾ ਦਾ ਰਾਜਨੀਤਕ ਦਲਾਂ ਨਾਲ਼ ਡੂੰਘਾ ਸੰਬੰਧ ਹੁੰਦਾ ਹੈ ਜਦਕਿ ਸਥਾਈ ਕਾਰਜਪਾਲਿਕਾ ਨਿਰਪੱਖ ਹੁੰਦੀ ਹੈ।

249. ਲੋਕਮਤ ਦੇ ਨਿਰਮਾਣ ਅਤੇ ਪ੍ਰਗਟਾਵੇ ਦੇ ਚਾਰ ਸਾਧਨ ਦੱਸੋ।
ਉੱਤਰ-

**ਸਾਧਨ**

ਅਖ਼ਬਾਰਾਂ | ਰੇਡੀਓ ਤੇ ਟੈਲੀਵਿਜ਼ਨ | ਸਰਬਜਨਕ ਸਭਾਵਾਂ | ਵਿੱਦਿਅਕ ਸੰਸਥਾਵਾਂ

250. ਸਿਹਤਮੰਦ ਲੋਕਮਤ ਨਿਰਮਾਣ ਲਈ ਦੋ ਜ਼ਰੂਰੀ ਸ਼ਰਤਾਂ ਦੱਸੋ।
ਉੱਤਰ-

ਜ਼ਰੂਰੀ ਸ਼ਰਤਾਂ

ਪੜ੍ਹੇ-ਲਿਖੇ ਨਾਗਰਿਕ | ਇਮਾਨਦਾਰ ਤੇ ਨਿਰਪੱਖ ਪ੍ਰੈਸ | ਰੁਜ਼ਗਾਰ ਦੇ ਮੌਕੇ

251. ਇੱਕ ਦਲ ਪ੍ਰਨਾਲ਼ੀ, ਦੋ ਦਲ ਪ੍ਰਨਾਲ਼ੀ, ਬਹੁ ਦਲ ਪ੍ਰਨਾਲ਼ੀ ਵਾਲੇ ਦੋ-ਦੋ ਦੇਸ਼ਾਂ ਦੇ ਨਾਂ ਦੱਸੋ।
ਉੱਤਰ-

ਇੱਕ ਦਲ ਪ੍ਰਨਾਲ਼ੀ-ਚੀਨ ਅਤੇ ਕਿਊਬਾ
ਦੋ ਦਲ ਪ੍ਰਨਾਲ਼ੀ-ਇੰਗਲੈਂਡ ਅਤੇ ਅਮਰੀਕਾ
ਬਹੁ ਦਲ ਪ੍ਰਨਾਲ਼ੀ- ਭਾਰਤ ਅਤੇ ਸਵਿਟਰਜ਼ਰਲੈਂਡ

252. ਲੋਕਤੰਤਰ ਵਿੱਚ ਰਾਜਨੀਤਕ ਦਲ ਦਾ ਮਹੱਤਵ ਦੱਸੋ।
ਉੱਤਰ- ਅਜੋਕਾ ਯੁੱਗ ਲੋਕਤੰਤਰ ਦਾ ਯੁੱਗ ਹੈ। ਹਰੇਕ ਲੋਕਤੰਤਰ ਵਿੱਚ ਰਾਜਨੀਤਕ ਦਲਾਂ ਦਾ ਬਹੁਤ ਮਹੱਤਵ ਹੈ। ਰਾਜਨੀਤਕ ਦਲਾਂ ਤੋਂ ਬਿਨਾਂ ਲੋਕਤੰਤਰ ਦੀ ਵਿਹਾਰਕ ਸੰਭਾਵਨਾ ਨਹੀਂ ਹੋ ਸਕਦੀ। ਚੋਣਾ ਲੜਨਾ, ਸਰਕਾਰ ਬਨਾਉਣਾ, ਵਿਰੋਧੀ ਧਿਰ ਦੀ ਸਾਰਥਕ ਭੂਮਿਕਾ ਨਿਭਾਉਣਾ ਰਾਜਨੀਤਕ ਦਲਾਂ ਦਾ ਕੰਮ ਹੈ। ਰਾਜਨੀਤਕ ਦਲ ਲੋਕਤੰਤਰ ਦੀ ਜਿੰਦ-ਜਾਨ ਹੁੰਦੇ ਹਨ।

253. ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਦਾ ਵਰਣਨ ਗਰੋ।
ਉੱਤਰ- ਵੋਟਾਂ ਵਿੱਚ ਬਹੁਮਤ ਪ੍ਰਾਪਤ ਕਰਨ ਵਾਲਾ ਰਾਜਨੀਤਕ ਦਲ ਸਰਕਾਰ ਬਣਾਉਂਦਾ ਹੈ ਅਤੇ ਬਾਕੀ ਰਾਜਨੀਤਕ ਦਲ ਵਿਰੋਧੀ ਧਿਰ ਦਾ ਕੰਮ ਕਰਦੇ ਹਨ। ਵਿਰੋਧੀ ਦਲ ਸਰਕਾਰ ਦੇ ਕੰਮਾਂ 'ਤੇ ਨਿਗਰਾਨੀ ਰੱਖਦਾ ਹੈ ਅਤੇ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਕਾਰਜਾਂ ਦੀ ਆਲੋਚਨਾ ਕਰਦਾ ਹੈ । ਵਿਰੋਧੀ ਦਲ ਦੀ ਆਲੋਚਨਾ ਤੋਂ ਬਚਣ ਲਈ ਸਰਕਾਰ ਸਹੀ ਤਰੀਕੇ ਨਾਲ ਕਾਰਜ ਕਰਦੀ ਹੈ।

254. ਰਾਜਨੀਤਕ ਦਲਾਂ ਦੇ ਲਾਭ ਦੱਸੋ।
ਉੱਤਰ- ਰਾਜਨੀਤਕ ਦਲ ਲੋਕਤੰਤਰ ਦੀ ਜਿੰਦ-ਜਾਨ ਹੁੰਦੇ ਹਨ। ਇਹ ਲੋਕਤੰਤਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਰਾਜਨੀਤਕ ਦਲ ਲੋਕਾਂ ਵਿੱਚ ਰਾਜਨੀਤਕ ਚੇਤਨਾ ਪੈਦਾ ਕਰਨ ਦੇ ਨਾਲ਼-ਨਾਲ਼ ਰਾਜਨੀਤਕ ਸਿੱਖਿਆ ਦਿੰਦੇ ਹਨ। ਇਹ ਲੋਕਾਂ ਅਤੇ ਸਰਕਾਰ ਵਿੱਚ ਰੀੜ੍ਹ ਦਾ ਕੰਮ ਕਰਦੇ ਹਨ। ਇਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਦਾ ਕੰਮ ਕਰਦੇ ਹਨ। ਇਹ ਸਰਕਾਰ ਦੇ ਨਿਰੰਕੁਸ਼ ਬਣਨ 'ਤੇ ਵੀ ਰੋਕ ਲਗਾਉਂਦੇ ਹਨ।

255. ਦਬਾਅ ਸਮੂਹ ਅਤੇ ਰਾਜਨੀਤਕ ਦਲਾਂ ਵਿੱਚ ਚਾਰ ਅੰਤਰ ਲਿਖੋ।
ਉੱਤਰ-

1. ਰਾਜਨੀਤਕ ਦਲ ਸਾਰੇ ਵਰਗਾਂ ਦੇ ਸਾਂਝੇ ਹੁੰਦੇ ਹਨ। ਪਰ ਦਬਾਅ ਸਮੂਹ ਵਿੱਚ ਸਿਰਫ ਇੱਕ ਹੀ ਵਰਗ/ ਪੇਸ਼ੇ ਦੇ ਲੋਕ ਸ਼ਾਮਿਲ ਹੁੰਦੇ ਹਨ।
2. ਰਾਜਨੀਤਕ ਦਲ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਸਾਧਨਾਂ ਦਾ ਪ੍ਰਯੋਗ ਕਰਦੇ ਹਨ, ਪਰ ਦਬਾਅ ਸਮੂਹ ਗ਼ੈ-ਰ ਸੰਵਿਧਾਨਿਕ ਅਤੇ ਸੰਵਿਧਾਨਿਕ ਦੋਹੇਂ ਸਾਧਨਾਂ ਦਾ ਪ੍ਰਯੋਗ ਕਰਦੇ ਹਨ।

256. ਭਾਰਤ ਨੇ ਸੰਸਦੀ ਸ਼ਾਸਨ ਪ੍ਰਨਾਲ਼ੀ ਕਿਉਂ ਅਪਣਾਈ?
ਉੱਤਰ- (ੳ) <u>ਪੁਰਾਣਾ ਤਜ਼ਰਬਾ</u>- ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਨਾਲ਼ੀ ਨੂੰ ਸਫ਼ਲਤਾਪੂਰਵਕ ਚਲਾਉਣ ਦੀਆਂ ਪਰੰਪਰਾਵਾਂ ਦਾ ਪੁਰਾਣਾ ਤਜ਼ਰਬਾ ਸੀ। ਸੰਨ 1919 ਅਤੇ 1935 ਦੇ ਕਾਨੂੰਨਾਂ ਨਾਲ ਭਾਰਤ ਇਸ ਪ੍ਰਨਾਲ਼ੀ ਦੇ ਅਧੀਨ ਆ ਚੁੱਕਾ ਸੀ।

ਅ) <u>ਜਿੰਮੇਵਾਰੀ ਦੀ ਭਾਵਨਾ-</u> ਡਾ. ਅੰਬੇਦਕਰ ਜੀ ਅਨੁਸਾਰ ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਜਿੰਮੇਵਾਰੀ ਦਾ ਗੁਣ ਮਿਲਦਾ ਹੈ। ਇਸ ਕਰਕੇ ਇਸ ਪ੍ਰਨਾਲ਼ੀ ਨੂੰ ਅਪਣਾਇਆ ਗਿਆ।

257. ਭਾਰਤੀ ਸੰਸਦੀ ਪ੍ਰਨਾਲ਼ੀ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੋ।

ਉੱਤਰ- ੳ) <u>ਅਸਲੀ ਕਾਰਜਪਾਲਿਕਾ-</u> ਭਾਰਤ ਵਿੱਚ ਪ੍ਰਧਾਨ ਮੰਤਰੀ ਸਮੇਤ ਮੰਤਰੀ ਪ੍ਰੀਸ਼ਦ ਅਸਲੀ ਕਾਰਜਪਾਲਿਕਾ ਹੈ।

ਅ) <u>ਨਾਂ-ਮਾਤਰ ਕਾਰਜਪਾਲਿਕਾ-</u> ਭਾਰਤ ਵਿੱਚ ਦੇਸ਼ ਦਾ ਮੁਖੀ ਰਾਸ਼ਟਰਪਤੀ ਨਾਂ-ਮਾਤਰ ਕਾਰਜਪਾਲਿਕਾ ਹੈ।

ੲ) <u>ਸਮੂਹਿਕ ਜ਼ਿੰਮੇਵਾਰੀ-</u> ਭਾਰਤ ਵਿੱਚ ਮੰਤਰੀ ਪ੍ਰੀਸ਼ਦ ਦੀ ਵਿਧਾਨ ਮੰਡਲ ਪ੍ਰਤੀ ਸਮੂਹਿਕ ਜਿੰਮੇਵਾਰੀ ਹੁੰਦੀ ਹੈ।

ਸ) <u>ਜ਼ਿੰਮੇਵਾਰ ਸਰਕਾਰ-</u> ਜ਼ਿੰਮੇਵਾਰ ਸਰਕਾਰ ਸੰਸਦੀ ਸ਼ਾਸਨ ਪ੍ਰਨਾਲ਼ੀ ਦਾ ਦੂਜਾ ਨਾਂ ਹੈ।

258. ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਚਾਰ ਤੱਤ ਦੱਸੋ।

ਉੱਤਰ- ੳ ) ਜਾਤੀਵਾਦ- ਭਾਰਤ ਦੇ ਕਈ ਰਾਜਾਂ ਵਿੱਚ ਰਾਸ਼ਟਰੀ ਹਿੱਤਾਂ ਦੀ ਜਗ੍ਹਾਂ 'ਤੇ ਜਾਤੀ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਜਾਤੀ ਅਧਾਰਿਤ ਰਾਜਨੀਤਕ ਦਲਾਂ ਦਾ ਨਿਰਮਾਣ ਵੀ ਕੀਤਾ ਜਾਂਦਾ ਹੈ।

ਅ) <u>ਗਰੀਬੀ-</u> ਗਰੀਬੀ ਸਭ ਤੋਂ ਵੱਧ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਦੀ ਹੈ। ਗਰੀਬ ਵਿਅਕਤੀ ਰਾਜਨੀਤਕ ਗਤੀਵਿਧੀਆਂ ਵਿੱਚ ਬਹੁਤ ਘੱਟ ਹਿੱਸਾ ਲੈਂਦੇ ਹਨ।

ੲ) <u>ਅਨਪੜ੍ਹਤਾ-</u> ਅਨਪੜ੍ਹਤਾ ਲੋਕਤੰਤਰ ਦੀ ਸਫ਼ਲਤਾ ਵਿੱਚ ਬਹੁਤ ਵੱਡੀ ਰੋਕ ਹੈ। ਅਨਪੜ੍ਹ ਵਿਅਕਤੀ ਵੀ ਰਾਜਨੀਤਕ ਗਤੀਵਿਧੀਆਂ ਵਿੱਚ ਬਹੁਤ ਘੱਟ ਹਿੱਸਾ ਲੈਂਦੇ ਹਨ।

259. ਪੰਚਾਇਤੀ ਰਾਜ ਦੇ ਉਦੇਸ਼ ਕੀ ਹਨ?

ਉੱਤਰ- ਪੰਚਾਇਤੀ ਰਾਜ ਦਾ ਮੁੱਖ ਉਦੇਸ਼ ਸਥਾਨਕ ਪੱਧਰ ਤੇ ਲੋਕਤੰਤਰ ਨੂੰ ਸਫ਼ਲ ਬਣਾਉਣਾ ਹੈ। ਇਸ ਵਿੱਚ ਸਥਾਨਕ ਪੱਧਰ ਤੇ ਸਥਾਨਕ ਮਾਮਲਿਆਂ ਦਾ ਪ੍ਰਬੰਧ ਚਲਾਉਣਾ, ਆਤਮ-ਨਿਰਭਰਤਾ ਦੀ ਭਾਵਨਾ ਪੈਦਾ ਕਰਨਾ ਪੇਂਡੂ ਵਿਕਾਸ ਨੂੰ ਉਤਸ਼ਾਹਤ ਕਰਨਾ ਸ਼ਾਮਿਲ ਹੈ।

260. ਪੰਚਾਇਤੀ ਰਾਜ ਦੇ ਤਿੰਨ ਪੱਧਰੀ ਢਾਂਚੇ ਬਾਰੇ ਲਿਖੋ।

ਉੱਤਰ-

ੳ) <u>ਗ੍ਰਾਮ ਪੰਚਾਇਤ-</u> ਪਿੰਡ ਦੀ ਜਨਸੰਖਿਆ 200 ਤੋਂ ਘੱਟ ਨਾ ਹੋਵੇ ਅਤੇ ਇਸ ਵਿੱਚ ਮੈਂਬਰਾਂ ਦੀ ਸੰਖਿਆ ਘੱਟ ਤੋਂ ਘੱਟ 5 ਅਤੇ ਵੱਧ ਤੋਂ ਵੱਧ 13 ਹੋ ਸਕਦੀ ਹੈ।

ਅ) <u>ਪੰਚਾਇਤ ਸੰਮਤੀ-</u> ਇਹ ਪਿੰਡਾਂ ਦੇ ਸਮੂਹ ਲਈ ਬਲਾਕ ਜਾਂ ਤਹਿਸੀਲ ਪੱਧਰ ਤੇ ਸੰਗਠਿਤ ਹੁੰਦੀ ਹੈ। ਇਸ ਅਧੀਨ ਆਉਂਦੀਆਂ ਪੰਚਾਇਤਾਂ ਤੇ ਇਹ ਨਿਗਰਾਨੀ ਰੱਖਦੀ ਹੈ।

ੲ) <u>ਜ਼ਿਲ੍ਹਾ ਪਰਿਸ਼ਦ-</u> ਇਹ ਜ਼ਿਲ੍ਹਾ ਪੱਧਰ 'ਤੇ ਗਠਿਤ ਕੀਤੀ ਜਾਂਦੀ ਹੈ।

261. ਛਾਊਣੀ ਬੋਰਡ ਕੀ ਹੁੰਦਾ ਹੈ?

ਉੱਤਰ- ਛਾਊਣੀ ਬੋਰਡ ਸੈਨਿਕ ਖੇਤਰਾਂ ਦੇ ਪ੍ਰਬੰਧ ਨੂੰ ਚਲਾਉਣ ਲਈ ਇੱਕ ਸੰਸਥਾ ਹੈ। ਛਾਊਣੀ ਬੋਰਡ ਦੇ ਅੱਧੇ ਮੈਂਬਰ ਖੇਤਰ ਦੇ ਬਾਸ਼ਿੰਦਿਆ ਦੁਆਰਾ ਚੁਣੇ ਜਾਂਦੇ ਹਨ ਅਤੇ ਅੱਧੇ ਨਾਮਜ਼ੁਦ ਕੀਤੇ ਜਾਂਦੇ ਹਨ।

262. ਨਗਰ ਸੁਧਾਰ ਟਰੱਸਟ ਕੀ ਹੁੰਦਾ ਹੈ?

ਉੱਤਰ- ਨਗਰ ਸੁਧਾਰ ਟਰੱਸਟ ਵੱਡੇ-ਵੱਡੇ ਨਗਰਾਂ ਵਿੱਚ ਸਥਾਪਿਤ ਕੀਤੇ ਜਾਂਦੇ ਹਨ। ਇਹਨਾਂ ਨੂੰ ਇੰਪਰੂਵਮੈਂਟ ਟਰਸਟ ਵੀ ਕਿਹਾ ਜਾਂਦਾ ਹੈ। ਇਹ ਨਗਰ ਨੂੰ ਸਾਫ਼-ਸੁਥਰਾ ਰੱਖਣ ਲਈ ਯੋਜਨਾਵਾਂ ਤਿਆਰ ਕਰਦਾ ਹੈ ਅਤੇ ਇਹਨਾਂ ਯੋਜਨਾਵਾਂ ਤੇ ਕੰਮ ਕਰਕੇ ਨਵੀਆਂ ਬਸਤੀਆਂ ਦਾ ਵਿਕਾਸ ਕਰਦਾ ਹੈ। ਇਸਦਾ ਇੱਕ ਚੇਅਰਮੈਨ ਹੁੰਦਾ ਹੈ ਜਿਸ ਦੀ ਨਿਯੁਕਤੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ।

263. ਕਿਸੇ ਦੋ ਰਾਸ਼ਟਰੀ ਰਾਜਨੀਤਕ ਦਲਾਂ ਦੇ ਨਾਂ, ਚੋਣ ਨਿਸ਼ਾਨ ਅਤੇ ਸਥਾਪਨਾ ਸਾਲ ਦੱਸੋ।

ਉੱਤਰ-

| ਲੜੀ ਨੰ. | ਰਾਸ਼ਟਰੀ ਰਾਜਨੀਤਕ ਦਲ ਦਾ ਨਾਂ | ਚੋਣ ਨਿਸ਼ਾਨ | ਸਥਾਪਨਾ ਸਾਲ |
|---|---|---|---|
| 1. | ਭਾਰਤੀ ਰਾਸ਼ਟਰੀ ਕਾਂਗਰਸ | ਹੱਥ | 1885 |
| 2. | ਭਾਰਤੀ ਜਨਤਾ ਪਾਰਟੀ | ਕਮਲ ਦਾ ਫੁੱਲ | 1980 |

264. ਆਮ ਆਦਮੀ ਪਾਰਟੀ ਬਾਰੇ ਨੋਟ ਲਿਖੋ।

ਉੱਤਰ- ਆਮ ਆਦਮੀ ਪਾਰਟੀ ਭਾਰਤ ਦਾ ਇੱਕ ਰਾਜਨੀਤਕ ਦਲ ਹੈ. ਇਸ ਦੀ ਸਥਾਪਨਾ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਉੱਭਰ ਕੇ ਨਵੰਬਰ, 2012 ਵਿੱਚ ਕੀਤੀ ਗਈ ਸੀ। ਮੌਜੂਦਾ ਸਮੇਂ ਦਿੱਲੀ ਅਤੇ ਪੰਜਾਬ ਵਿੱਚ ਇਸ ਸਰਕਾਰਾਂ ਹੈ। ਇਸਦਾ ਚੋਣ ਨਿਸ਼ਾਨ 'ਝਾੜੂ' ਹੈ। ਇਸਦਾ ਮੁੱਖ ਮੰਤਵ ਵੱਧ ਤੋਂ ਵੱਧ ਲੋਕ ਭਲਾਈ ਕਰਨਾ ਅਤੇ ਭ੍ਰਿਸ਼ਟਾਚਾਰ ਨੂੰ ਜੜੋਂ ਖਤਮ ਕਰਨਾ ਹੈ. ਪ੍ਰਸ਼ਾਸਨ ਵਿੱਚ ਆਮ ਲੋਕਾਂ ਦੀ ਭਾਗੀਦਾਰੀ, ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਪਹਿਲ ਦੇ ਅਧਾਰ ਤੌਰ ਤੇ ਸੁਧਾਰ ਕਰਨਾ, ਔਰਤਾਂ ਦੇ ਹਿੱਤਾਂ ਦੀ ਰਾਖੀ ਕਰਨਾ ਆਦਿ ਇਸਦੀਆਂ ਨੀਤੀਆਂ ਵਿੱਚ ਸ਼ਾਮਿਲ ਹਨ।

265. ਸ਼੍ਰੋਮਣੀ ਅਕਾਲੀ ਦਲ 'ਤੇ ਨੋਟ ਲਿਖੋ।

ਉੱਤਰ- ਸ਼੍ਰੋਮਣੀ ਅਕਾਲੀ ਦਲ ਭਾਰਤ ਦੀਆਂ ਸਿਆਸੀ ਪਾਰਟੀਆਂ ਵਿੱਚੋਂ ਦੂਸਰੇ ਨੰਬਰ ਦੀ ਪੁਰਾਣੀ ਪਾਰਟੀ ਹੈ। ਇਹ ਭਾਰਤੀ ਰਾਸ਼ਟਰੀ ਕਾਂਗਰਸ ਤੋਂ ਬਾਅਦ ਸੰਨ 1920 ਵਿੱਚ ਸਥਾਪਿਤ ਹੋਇਆ ਰਾਜਨੀਤਕ ਦਲ ਹੈ। ਇਹ ਇੱਕ ਖੇਤਰੀ ਰਾਜਨੀਤਕ ਦਲ ਹੈ ਜੋ ਕਿ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਸਥਾਪਤ ਹੋਇਆ ਸਿਆਸੀ ਚਿਹਰਾ ਹੈ। ਇਸ ਦਾ ਚੋਣ ਨਿਸ਼ਾਨ ਤੱਕੜੀ ਹੈ। ਇਸਦੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ ਜੋ ਕਿ ਸਾਬਕਾ ਮੁੱਖ ਮੰਤਰੀ ਪਰਕਾਸ ਸਿੰਘ ਬਾਦਲ ਦੇ ਸਪੁੱਤਰ ਹਨ।

266. ਭਾਰਤੀ ਚੋਣ ਪ੍ਰਨਾਲ਼ੀ ਦੀਆਂ ਵਿਸ਼ੇਸਤਾਵਾਂ ਦੱਸੋ।

ਉੱਤਰ
1) ਭਾਰਤ ਵਿੱਚ ਇੱਕ ਮੈਂਬਰੀ ਚੋਣ ਖੇਤਰ ਹੈ।
2) ਭਾਰਤ ਵਿੱਚ ਸਰਵਜਨਕ ਬਾਲਗ ਵੋਟ ਅਧਿਕਾਰ ਦਾ ਉਪਬੰਧ ਕੀਤਾ ਗਿਆ ਹੈ।
3) ਭਾਰਤ ਵਿੱਚ ਸੰਯੁਕਤ ਚੋਣਕਾਰ ਦਾ ਪ੍ਰਬੰਧ ਹੈ।
4) ਭਾਰਤ ਵਿੱਚ ਪ੍ਰਤੱਖ ਚੋਣ ਪ੍ਰਨਾਲ਼ੀ ਅਤੇ ਅਪ੍ਰਤੱਖ ਚੋਣ ਪ੍ਰਨਾਲ਼ੀ ਦੀ ਵਿਵਸਥਾ ਹੈ।

267. ਮਤਦਾਨ ਵਿਹਾਰ ਤੋਂ ਕੀ ਭਾਵ ਹੈ?

ਉੱਤਰ- ਮਤਦਾਨ ਵਿਹਾਰ ਤੋਂ ਭਾਵ ਹੈ ਕਿ ਵੋਟਰ ਆਪਣੀ ਵੋਟ ਦੀ ਵਰਤੋਂ ਕਰਦੇ ਸਮੇਂ ਕਿਨ੍ਹਾਂ ਤੱਤਾਂ ਅਤੇ ਹਾਲਤਾਂ ਤੋਂ ਪ੍ਰਭਾਵਿਤ ਹੁੰਦਾ ਹੈ।

268. ਭਾਰਤ ਵਿੱਚ ਮਤਦਾਨ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲ਼ੇ ਚਾਰ ਤੱਤ ਦੱਸੋ।

ਉੱਤਰ-
1) ਧਰਮ
2) ਜਾਤੀਵਾਦ
3)ਖੇਤਰਵਾਦ
4) ਭਾਸ਼ਾਵਾਦ

269. ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਆਉਣ ਵਾਲੀਆਂ ਚਾਰ ਰੁਕਾਵਟਾਂ ਦੱਸੋ।

ਉੱਤਰ-
1) ਜਾਤੀਵਾਦ
2)ਖੇਤਰਵਾਦ
3)ਸੰਪਰਦਾਇਕਤਾ
4)ਗਰੀਬੀ

270. ਗੁੱਟ-ਨਿਰਲੇਪਤਾ ਤੋਂ ਕੀ ਭਾਵ ਹੈ?

ਉੱਤਰ- ਗੁੱਟ-ਨਿਰਲੇਪਤਾ ਤੋਂ ਭਾਵ ਕਿਸੇ ਵੀ ਸ਼ਕਤੀ ਗੁੱਟ ਵਿੱਚ ਵੀ ਸ਼ਾਮਲ ਨਾ ਹੋਣਾ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਵਿਸ਼ਵ ਦੋ ਸ਼ਕਤੀ ਗੁੱਟਾਂ ਵਿੱਚ ਵੰਡਿਆਂ ਗਿਆ ਸੀ। ਪਰ ਭਾਰਤ ਕਿਸੇ ਵੀ ਇੱਕ ਸ਼ਕਤੀ ਗੁੱਟ ਵਿੱਚ ਸ਼ਾਮਿਲ ਨਹੀਂ ਹੋਇਆ ਸਗੋਂ ਭਾਰਤ ਨੇ ਗੁੱਟ ਨਿਰਲੇਪਤਾ ਦੀ ਨੀਤੀ ਅਪਣਾਈ।

271. ਭਾਰਤ ਦਾ ਸੈਨਿਕ ਸਮਝੌਤਿਆਂ, ਸੰਯੁਕਤ ਰਾਸ਼ਟਰ, ਨਿਸ਼ਸਤਰੀਕਰਣ, ਪ੍ਰਮਾਣੂ ਨੀਤੀ ਪ੍ਰਤੀ ਕੀ ਦ੍ਰਿਸ਼ਟੀਕੋਣ ਹੈ?

ਉੱਤਰ-

ੳ) <u>ਸੈਨਿਕ ਸਮਝੌਤਿਆਂ ਪ੍ਰਤੀ ਦ੍ਰਿਸ਼ਟੀਕੋਣ-</u> ਭਾਰਤ ਸੈਨਿਕ ਗਠਬੰਧਨਾਂ ਦਾ ਵਿਰੋਧ ਕਰਦਾ ਹੈ, ਕਿਉਂਕਿ ਇਹ ਤਣਾਅ ਘਟਾਉਣ ਦੀ ਬਜਾਇ ਵਧਾਉਂਦੇ ਹਨ।

ਅ) <u>ਸੰਯੁਕਤ ਰਾਸ਼ਟਰ ਪ੍ਰਤੀ ਦ੍ਰਿਸ਼ਟੀਕੋਣ-</u>ਭਾਰਤ ਦਾ ਸੰਯੁਕਤ ਰਾਸ਼ਟਰ ਵਿੱਚ ਪੂਰਨ ਵਿਸ਼ਵਾਸ ਹੈ। ਭਾਰਤ ਇਸਦਾ ਮੁੱਢਲਾ ਮੈਂਬਰ ਹੈ।

ੲ) <u>ਨਿਸ਼ਸਤਰੀਕਰਨ ਪ੍ਰਤੀ ਦ੍ਰਿਸ਼ਟੀਕੋਣ-</u> ਭਾਰਤ ਨਿਸ਼ਸਤਰੀਕਰਨ ਦਾ ਸਮਰਥਨ ਕਰਦਾ ਹੈ।

ਸ) <u>ਪ੍ਰਮਾਣੂ ਨੀਤੀ ਪ੍ਰਤੀ ਰਵੱਈਆ-</u> ਭਾਰਤ ਦਾ ਪ੍ਰਮਾਣੂ ਨੀਤੀ ਪ੍ਰਤੀ ਇਹ ਰਵੱਈਆ ਹੈ ਕਿ ਪ੍ਰਮਾਣੂ ਨੀਤੀ ਦਾ ਪ੍ਰਯੋਗ ਸ਼ਾਂਤਮਈ ਉਦੇਸ਼ਾਂ ਲਈ ਕੀਤਾ ਜਾਵੇ।

272. ਸਾਰਕ ਦੇ ਮੁੱਖ ਸਿਧਾਂਤ ਲਿਖੋ।

ਉੱਤਰ- 1) ਸਾਰਕ ਮੈਂਬਰ ਦੇਸ਼ਾਂ ਦੀ ਪ੍ਰਭੂਸੱਤਾ,ਸਮਾਨਤਾ,ਖੇਤਰੀ ਆਖੰਡਤਾ ਅਤੇ ਰਾਜਨੀਤਕ ਸੁਤੰਤਰਤਾ ਦਾ ਸਨਮਾਨ ਕਰਨਾ।

2)ਕੋਈ ਵੀ ਮੈਂਬਰ ਦੇਸ਼ ਇੱਕ-ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਦੇਵੇਗਾ।

3) ਸਾਰੇ ਫੈਸਲੇ ਸਰਵਸੰਮਤੀ ਨਾਲ਼ ਲਏ ਜਾਣਗੇ।

4)ਆਪਸੀ ਲਾਭ ਲਈ ਸਹਿਯੋਗ।

273. ਸੰਯੁਕਤ ਰਾਸ਼ਟਰ ਦੀਆਂ ਕੋਈ ਚਾਰ ਵਿਸ਼ਿਸਟ ਏਜੰਸੀਆਂ ਦੇ ਨਾਂ ਦੱਸੋ।

ਉੱਤਰ- 1) ਅੰਤਰਰਾਸ਼ਟਰੀ ਮਜ਼ਦੂਰ ਸੰਘ

2) ਵਿਸ਼ਵ ਸਿਹਤ ਸੰਘ

3)ਅੰਨ੍ਹ ਅਤੇ ਖੇਤੀਬਾੜੀ ਸੰਘ

4) ਅੰਤਰਰਾਸ਼ਟਰੀ ਮੁਦਰਾ ਫ਼ੰਡ

274. ਕਸ਼ਮੀਰ ਸਮੱਸਿਆ ਕੀ ਹੈ?

ਉੱਤਰ- ਕਸ਼ਮੀਰ, ਭਾਰਤ ਅਤੇ ਪਾਕਿਸਤਾਨ ਵਿਚਾਲੇ ਇੱਕ ਪ੍ਰਤੱਖ ਸਮੱਸਿਆ ਹੈ। ਇਸੇ ਕਾਰਨ ਭਾਰਤ ਅਤੇ ਪਾਕਿਸਤਾਨ ਵਿਚਾਲ਼ੇ ਸੁਖਾਵੇਂ ਸੰਬੰਧ ਸਥਾਪਿਤ ਨਹੀਂ ਹੋ ਰਹੇ। ਕਸ਼ਮੀਰ ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤੀ ਮੁਸਲਿਮ ਬਹੁ ਗਿਣਤੀ ਲੋਕਾਂ ਵਾਲ਼ੀ ਦੇਸੀ ਰਿਆਸਤ ਸੀ ਪਰ ਕਸ਼ਮੀਰ ਦੇ ਰਾਜਾ ਹਰੀ ਸਿੰਘ ਨੇ ਸੰਨ 1947 ਵਿੱਚ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਲ ਕਰਵਾ ਦਿੱਤਾ ਸੀ। ਪਾਕਿਸਤਾਨ ਇਸ ਇਲਾਕੇ ਨੂੰ ਆਮ ਲੋਕਾਂ ਦੀ ਮੁਸਲਮਾਨ ਬਹੁਗਿਣਤੀ ਕਾਰਨ ਆਪਣਾ ਹਿੱਸਾ ਮੰਨਦਾ ਹੈ। ਇਸ ਕਰਕੇ ਦੋਹਾਂ ਦੇਸ਼ਾਂ ਵਿੱਚ ਹੁਣ ਵੀ ਆਨੇ –ਬਹਾਨੇ ਤਣਾਅ ਬਣਿਆ ਰਹਿੰਦਾ ਹੈ।